ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥

ਸ੍ਰੀ ਗੁਰੂ ਨਾਨਕ ਦੇਵ ਜੀ

ਆਪਣੀ ਬੋਲੀ, ਆਪਣਾ ਵਿਰਸਾ, ਮਿੱਟੀ ਕਰੇ ਪੁਕਾਰ, ਸੋਚੋ, ਸਮਝੋ ਅਤੇ ਸੰਭਾਲੋ, ਆਪਣਾ ਸਭਿਆਚਾਰ।

ਪੁਆਧੀ

ਪੰਜਾਬੀ ਸੱਥ

ਪੰਜਾਬੀ ਸੱਥ-ਲਾਂਬੜਾ-ਜਲੰਧਰ ਦੀ ਇਕਾਈ



ਸ੍ਰੀ ਡੀ. ਐਸ. ਬੇਦੀ ਜੀ ਨੂੰ ਸਮਰਪਿਤ

## ਪੁਆਧੀ ਪੰਜਾਬੀ ਸੱਥ ਮੁਹਾਲੀ ਦਾ

# 21ਵਾਂ ਸਾਲਾਨਾ ਸਨਮਾਨ ਸਮਾਗਮ-2024

**24-11-2024 (ਐਤਵਾਰ)**

**ਸਥਾਨ : ਸ਼ਿਵਾਲਿਕ ਪਬਲਿਕ ਸਕੂਲ, ਫ਼ੇਜ਼-6, ਮੁਹਾਲੀ**

ਸੰਪਾਦਕ : ਮਨਮੋਹਨ ਸਿੰਘ ਦਾਊਂ

ਮੋ : 98151-23900

ਸ਼ਬਦ ਚਿੱਤਰ

# ਚਾਨਣ ਮਿਨਾਰ ਤੇ ਪਰ-ਉਪਕਾਰੀ ਸ੍ਰੀ ਡੀ.ਐਸ. ਬੇਦੀ



ਬੇਦੀ ਵੰਸ ਵੇਦਾਂ ਦਾ ਗਿਆਤਾ,
ਜਿੱਥੇ ਵੱਸੇ ਚਾਨਣ ਵੰਡੇ।
ਚਾਨਣ ਜੁੱਗ ਪਲਟਾਏ,
ਚਿੰਤਨ ਦੀਆਂ ਖੜਾਵਾਂ ਪਾ ਕੇ,
ਜੀਵਨ-ਜਾਚ ਦੇ ਅਰਥ ਸਮਝਾਏ।
ਬੇਦੀ ਕੁੱਲ ਦਾ ਵਾਰਸ
ਡੀ.ਐਸ. ਬੇਦੀ ਸਾਹਿਬ ਨਿਆਰਾ
ਮੁੱਠੀ-ਵਿੱਚ ਚਾਨਣ ਦੇ ਬੀਜ ਸਾਂਭ ਕੇ
ਕੱਲਰੀ ਧਰਤੀ ਫੁੱਲ ਉਗਾਏ।

ਇਕ ਦੀਵਾ ਮਮਟੀ 'ਤੇ ਏਦਾਂ ਧਰਿਆ,
ਚੌਹੀਂ ਪਾਸੀਂ ਚਾਨਣ ਕਰਦਾ ਜਾਏ।
ਭਾਗਾਂ ਵਾਲੀ ਧਰਤ ਪੁਆਧ ਮੁਹਾਲੀ,
ਸ਼ਿਵਾਲਿਕ ਉੱਚ ਪਹਾੜੀਆਂ ਵਾਲਾ,
ਸ਼ਿਵਾਲਿਕ ਵਿੱਦਿਆਲਾ ਰੱਖਿਆ ਨਾਂ,
ਮਨ ਵਿੱਚ ਸੂਰਜ ਪਕੜਨ ਦੀ ਲੋਚਾ,
ਹੋਰ ਉਚੇਰੇ ਜਾਣ ਦੀ ਇੱਛਾ।
ਵਰ੍ਹਿਆਂ ਬੱਧੀ ਮਿਹਨਤ ਕਰ ਕੇ,
ਨਾਮ ਕਮਾਉਣਾ ਦੱਸੇ ਸਾਹਿਬ ਬੇਦੀ।

ਸੂਝਵਾਨ ਵਿਦਿਆ-ਮੰਦਰ ਦਾ ਰਥਵਾਨ,
ਜਿਸਦੀ ਅਤਿ ਆਧੁਨਿਕ ਸੋਚ ਨਿਰਾਲੀ।
ਨਵੇਂ ਸੰਕਲਪਾਂ ਦੇ ਚਿੱਤਰ-ਵਚਿੱਤਰ,
ਚੌਵੀ ਘੰਟੇ ਸੋਚੀ ਜਾਵੇ।
ਹਰ ਨਵੇਂ ਦਿਵਸ ਨੂੰ
ਰੂਪ ਸਜੀਲਾ ਦੇਂਦਾ ਜਾਵੇ।


ਸ਼ੋਭਾ ਖੱਟੇ, ਮੰਦ-ਮੰਦ ਮੁਸਕਾਏ,
ਜੋ ਚਾਹੇ, ਉਹ ਕਰ ਦਿਖਲਾਏ।
ਲੋੜਵੰਦਾਂ ਦਾ ਬਣ ਮਸੀਹਾ,
ਪਰ-ਉਪਕਾਰੀ ਜੋਗੀ ਵਾਂਗੂ
ਜੋ ਦਰ ਆਏ, ਸੁਖੀ ਵਸਾਏ।
ਕਿੰਨੇ ਜੀਵਨ ਰੌਸ਼ਨ ਕੀਤੇ,
ਗਿਣਤੀ ਗਿਣੀ ਨਾ ਜਾਏ।
ਕਿੰਨੇ ਉੱਚ ਅਧਿਕਾਰੀ ਵਿਗਸੇ,
ਕਿੰਨੇ ਮਾਣ-ਮੱਤੇ ਜਿਊੜੇ
ਇਸ ਸੰਸਥਾ ਦੀ ਉਪਜ ਕਹਾਏ।
ਬੇਦੀ ਸਾਹਿਬ ਦੇ ਬੋਲਾਂ ਵਿੱਚ
ਸੁੱਚਮਤਾ, ਦੁੱਧ-ਕਟੋਰੇ ਵਰਗੀ
ਧੀਮੀ ਸੁਰ, ਵੱਡ ਅਕਾਰੀ ਦ੍ਰਿਸ਼ਟੀ,
ਸਹਿਜ, ਠਰ੍ਹੰਮਾ, ਧੀਰਜ ਦੀ ਤ੍ਰਿਵੈਣੀ,
ਗੁਣਵੰਤੀ ਸ਼ਖ਼ਸੀਅਤ ਮਿੱਠ ਬੋਲੀ ਅੱਗੇ
ਹਰ ਕਾਰਜ ਅੱਗੇ-ਅੱਗੇ ਤੁਰਦਾ ਜਾਏ।
ਅਜੂਬੇ ਸਿਰਜਣੇ, ਸੁਪਨੇ ਲੈਣੇ
ਗੁਰੂ ਸ਼ਗਿਰਦ ਦੇ ਫਰਜ਼ਾਂ ਨੂੰ
ਸੱਚਾ-ਸੁੱਚਾ ਕਰ ਵਿਖਲਾਉਣਾ
ਬੇਦੀ ਸਾਹਿਬ, ਤੇਰੀ ਧੰਨ ਕਮਾਈ,
ਹਰ ਕੋਈ ਆਖੇ ਤੇ ਜਸ ਗਾਏ॥

ਮਨਮੋਹਨ ਸਿੰਘ ਦਾਊਂ
98151 23900

# ਸਾਲ 2024 ਦੇ ਪੁਰਸਕਾਰਾਂ ਦੀ ਚਿੱਤਰਾਵਲੀ



ਮਾਸਟਰ ਸਰੂਪ ਸਿੰਘ ਨੰਬਰਦਾਰ
ਪੁਰਸਕਾਰ --------



ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ
ਪੁਰਸਕਾਰ --------



ਢਾਡੀ ਪ੍ਰੀਤਮ ਸਿੰਘ ਕਲੌੜ
ਪੁਰਸਕਾਰ --------




ਮਾਸਟਰ ਰਘਬੀਰ ਸਿੰਘ ਬੈਦਵਾਨ
ਪੁਰਸਕਾਰ --------



ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ
ਪੁਰਸਕਾਰ --------



ਬਾਬਾ ਪ੍ਰਤਾਪ ਸਿੰਘ ਬੈਦਵਾਨ
ਪੁਰਸਕਾਰ --------



ਸਰਦਾਰਨੀ ਰਵਿੰਦਰ ਕੌਰ
ਪੁਰਸਕਾਰ --------



ਡਾ. ਮੁਖਤਿਆਰ ਸਿੰਘ (ਜੋਧਪੁਰ)



ਸ਼ਾਇਰ ਹਰਵਿੰਦਰ ਸਿੰਘ
(ਹਡਾਣਾ)



ਢਾਡੀ ਗੁਰਦੇਵ ਸਿੰਘ (ਕੌਨਾ)



ਕਲਾਕਾਰ ਰੋਮੀ ਘੜਾਮਾਂ



ਖੋਜੀ ਜਸਵੰਤ ਸਿੰਘ (ਕੁਰਾਲੀ)



ਭਗਤ ਤਰਲੋਚਨ ਸਿੰਘ
(ਗੋਬਿੰਦਗੜ੍ਹ)



ਡਾ. ਗੁਰਪ੍ਰੀਤ ਕੌਰ
(ਵਜੀਦਪੁਰ)

# ਸ਼ੋਭਾ ਪੱਤਰ

## ਪੁਆਧੀ ਲੋਕ-ਗੀਤਾਂ ਦਾ ਖੋਜੀ ਅਤੇ ਪੰਜਾਬੀ ਦਾ ਨਿਸ਼ਠਾਵਾਨ ਪ੍ਰਾਅਧਿਆਪਕ ਡਾ. ਮੁਖਤਿਆਰ ਸਿੰਘ



ਪੁਆਧ ਦੀ ਪੂਰਬੀ ਗੁੱਠ'ਚ ਸਥਿੱਤ, ਪਿੰਡ ਜੋਧਪੁਰ, ਡਾਕਖਾਨਾ ਕਾਠਗੜ੍ਹ, ਜ਼ਿਲ੍ਹਾ ਅੰਬਾਲਾ (ਹਰਿਆਣਾ) ਦੇ ਜੰਮਪਲ ਡਾ. ਮੁਖਤਿਆਰ ਸਿੰਘ ਦਾ ਜਨਮ 4 ਅਗਸਤ, 1965 ਨੂੰ ਪਿਤਾ ਸ. ਤੇਜਾ ਸਿੰਘ ਤੇ ਮਾਤਾ ਸਰਦਾਰਨੀ ਮਹਿੰਦਰ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਨੇ ਪ੍ਰਾਇਮਰੀ ਵਿੱਦਿਆ ਪਿੰਡ ਦੇ ਸਰਕਾਰੀ ਸਕੂਲੋਂ, ਦਸਵੀਂ ਸਰਕਾਰੀ ਹਾਈ ਸਕੂਲ ਇਸਮਾਇਲਾਬਾਦ ਅੰਬਾਲਾ ਤੋਂ ਅਤੇ ਗਰੈਜੂਏਸ਼ਨ ਡੀ.ਏ.ਵੀ. ਕਾਲਜ ਅੰਬਾਲਾ ਸ਼ਹਿਰ ਤੋਂ ਕੀਤੀ। ਐਮ.ਏ. ਪੰਜਾਬੀ, ਐਮ.ਫਿਲ., ਬੀ. ਐੱਡ, ਐਮ.ਐੱਡ ਅਤੇ ਪੀ.ਐਚ.ਡੀ. ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ (ਹਰਿਆਣਾ) ਤੋਂ ਕੀਤੀ । ਆਪ ਪਹਿਲੇ ਖੋਜਾਰਥੀ ਹਨ ਜਿਨ੍ਹਾਂ 'ਪੁਆਧੀ ਲੋਕ ਸਾਹਿਤ ਦਾ ਸਭਿਆਚਾਰਕ ਅਧਿਐਨ : ਪੁਆਧੀ ਲੋਕ ਗੀਤਾਂ ਤੇ ਲੋਕ ਕਹਾਣੀਆਂ ਦੇ ਸੰਦਰਭ ਵਿਸ਼ੇ'ਤੇ ਕਰ ਕੇ ਆਪਣੀ ਖੋਜ ਵਿਧੀ ਦੀ ਪੈੜ ਸਥਾਪਤ ਕੀਤੀ । ਇਸ ਸਮੁੱਚੇ ਖੋਜ-ਕਾਰਜ ਨੂੰ ਆਪਦੀ ਪਲੇਠੀ ਚਰਚਿਤ ਪੁਸਤਕ 'ਪੁਆਧੀ ਲੋਕ ਗੀਤ' ਪੜ੍ਹਕੇ ਮਾਣਿਆ ਜਾ ਸਕਦਾ ਹੈ । ਇਸ ਪੁਸਤਕ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਸਰਵੋਤਮ ਪੁਸਤਕ ਪੁਰਸਕਾਰ ਪ੍ਰਦਾਨ ਕੀਤਾ। ਆਪ ਨੇ ਦੋ ਪੁਸਤਕਾਂ 'ਕਾਵਿ-ਚਿੰਤਨ ਤੇ ਸਮੀਖਿਆ' ਅਤੇ 'ਪੁਆਧੀ ਸਨਮਾਨਿਤ ਸ਼ਖ਼ਸੀਅਤਾਂ' ਸੰਪਾਦਿਤ ਵੀ ਕੀਤੀਆਂ। ਇਸ ਤੋਂ ਬਿਨਾਂ ਆਪ ਦੇ ਪੁਆਧ ਅਤੇ ਪੁਆਧੀ ਭਾਸ਼ਾ ਬਾਰੇ ਖੋਜ-ਨਿਬੰਧ ਵੱਖ-ਵੱਖ ਪੁਸਤਕਾਂ ਤੇ ਮੈਗਜ਼ੀਨਾਂ'ਚ ਵੀ ਛਪਦੇ ਰਹਿੰਦੇ। ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਐਮ.ਐੱਡ. ਅਧਿਆਪਨ ਖੋਜ-ਕਾਰਜ ਲਈ ਆਪ ਨੇ ਲਗਭਗ 16 ਸਿੱਖਿਆਰਥੀਆਂ ਦੀ ਬਤੌਰ ਗਾਈਡ ਅਗਵਾਈ ਕੀਤੀ ।

ਇਸ ਵੇਲੇ ਆਪ ਸਰਕਾਰੀ ਸਿੱਖਿਆ ਕਾਲਜ ਸੈਕਟਰ 20-ਡੀ ਚੰਡੀਗੜ੍ਹ, ਵਿਖੇ ਐਸੋਸੀਏਟ ਪ੍ਰੋਫੈਸਰ, ਮੁਖੀ, ਪੰਜਾਬੀ ਵਿਭਾਗ ਅਤੇ ਲੜਕਿਆਂ ਦੇ ਹੋਸਟਲ ਵਾਰਡਨ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਸ਼ੋਭਾ ਖੱਟ ਰਹੇ ਹਨ।

ਪੁਆਧੀ ਮਿੱਠ ਬੋਲੜੇ, ਨਿਸ਼ਠਾਵਾਨ ਪੰਜਾਬੀ ਪ੍ਰੋਫੈਸਰ, ਸਹਿਜ ਬਿਰਤੀ ਦੇ ਮਾਲਕ, ਵਿਦਿਆਰਥੀਆਂ ਦੇ ਹਿਤੈਸ਼ੀ ਤੇ ਰਾਹ ਦਸੇਰਾ ਡਾ. ਮੁਖਤਿਆਰ ਸਿੰਘ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ 2024 ਮੌਕੇ ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ ਪ੍ਰਦਾਨ ਕਰਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।

| | | |
|---|---|---|
| ਮਨਮੋਹਨ ਸਿੰਘ ਦਉਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਲੋਕ ਸੰਵੇਦਨਾ ਦਾ ਵਗਦਾ ਦਰਿਆ
## ਸ਼ਾਇਰ ਹਰਵਿੰਦਰ ਸਿੰਘ



ਲਹਿੰਦੇ ਪੰਜਾਬ ਦੇ ਲਾਇਲਪੁਰ ਬਾਰ ਖਿੱਤੇ ਤੋਂ ਇੱਕ ਟੱਬਰ 1947 ਨੂੰ ਹਿਜ਼ਰਤ ਕਰਦਾ, ਦਰਿਆ ਘੱਗਰ ਕੰਢੇ ਪਿੰਡ ਹਡਾਣਾ ਆ ਵਸਿਆ। ਇਸੇ ਪਰਿਵਾਰ 'ਚੋਂ ਪਿਤਾ ਸ. ਚਾਨਣ ਸਿੰਘ ਤੇ ਮਾਤਾ ਸ੍ਰੀਮਤੀ ਅਮਰਜੀਤ ਕੌਰ ਦੇ ਗ੍ਰਹਿ ਵਿਖੇ ਹਰਵਿੰਦਰ ਸਿੰਘ ਨੇ 13 ਸਤੰਬਰ, 1963 ਨੂੰ ਜਨਮ ਲਿਆ। ਪੁਆਧ ਦੇ ਇਸ ਪਛੜੇ ਇਲਾਕੇ 'ਚੋਂ ਹਰਵਿੰਦਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਅਰਥ-ਸ਼ਾਸ਼ਤਰ ਦੀ ਐਮ.ਏ. ਕੀਤੀ ਉਪਰੰਤ ਆਪ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਸੂਬੇ ਦੇ ਵਿੱਤ ਅਤੇ ਯੋਜਨਾ ਵਿਭਾਗ 'ਚ ਬਤੌਰ ਗਜ਼ਟਿਡ ਅਧਿਕਾਰੀ ਨਿਯੁਕਤ ਹੋਏ ਅਤੇ ਸੰਯੁਕਤ ਡਾਇਰੈਕਟਰ ਦੇ ਅਹੁਦੇ ਤੋਂ ਸ਼ਾਨਦਾਰ ਤੇ ਇਮਾਨ੍ਦਾਰ ਸੇਵਾਵਾਂ ਕਰਕੇ ਸੇਵਾ-ਮੁਕਤ ਹੋਏ। ਆਪ ਉੱਜਲ ਵਿਚਾਰਾਂ ਵਾਲੀ ਗੁਣਵੰਤੀ ਸ਼ਖ਼ਸੀਅਤ ਦੇ ਮਾਲਕ ਹਨ।

ਆਪਦੀਆਂ ਪੰਜਾਬੀ ਅਦਬ 'ਚ ਗੁਲਾਬਾਸੀ, ਪੰਜ ਨਦੀਆਂ ਦਾ ਗੀਤ ਅਤੇ ਪਾਣੀ ਦਾ ਲਿਬਾਸ ਕਾਵਿ-ਪੁਸਤਕਾਂ ਜ਼ਿਕਰਯੋਗ ਹਨ। ਪੰਜ ਪਾਣੀਆਂ ਦਾ ਗੀਤ ਜਿਸ'ਤੇ 'ਮੈਂ ਪੰਜਾਬ ਬੋਲਦਾਂ' ਨਾਟਕ ਰਚਿਆ ਗਿਆ ਤੇ ਕਈ ਥਾਈਂ ਖੇਡਿਆ ਗਿਆ। ਇਹ ਪੁਸਤਕ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਸਲੇਬਸ ਵਿੱਚ ਵੀ ਲਾਈ ਗਈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਦਰਪੇਸ਼ ਮਸਲਿਆਂ ਬਾਰੇ ਆਪ ਦੇ ਲੇਖ ਛਪਦੇ ਰਹਿੰਦੇ ਹਨ। ਇਕ ਨਿਵੇਕਲੀ ਪੁਸਤਕ 'ਹਿੰਦੀ ਸੇ ਪੰਜਾਬੀ ਸੀਖੇਂ' ਗੈਰ ਪੰਜਾਬੀਆਂ ਨੂੰ ਪੰਜਾਬੀ ਸਿਖਣ ਲਈ ਲਿਖੀ। ਪੰਜਾਬੀ ਭਾਸ਼ਾ ਨੂੰ ਆਧੁਨਿਕ ਤਰੱਕੀ ਦੇਣ ਲਈ ਵਿਕੀਪੀਡੀਆ ਅਤੇ ਸੋਸ਼ਲ ਮੀਡੀਆ ਵਰਗੇ ਖੇਤਰਾਂ 'ਚ ਆਪਦਾ ਕਾਰਜ ਸਲਾਹੁਣਯੋਗ ਹੈ। ਆਪਦਾ ਗੰਭੀਰ ਚਿੰਤਨ ਵਾਲਾ ਸੁਭਾਅ ਨਵੇਂ ਸੰਕਲਪਾਂ ਲਈ ਸੋਚਵਾਨ ਰਹਿੰਦਾ ਹੈ। ਆਪਦੀ ਕਵਿਤਾ ਮਾਨਵੀ ਕਲਿਆਨਕਾਰੀ ਪੱਖੋਂ ਲੋਕ ਸੰਵੇਦਨਾ ਨੂੰ ਪ੍ਰਤੀਬਿੰਬਤ ਕਰਨ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ।

ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ 2024 ਮੌਕੇ, ਆਪਜੀ ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ ਪ੍ਰਦਾਨ ਕਰ ਕੇ ਅਤੀ ਗੌਰਵ ਮਹਿਸੂਸ ਕਰਦੀ ਹੈ।

| ਮਨਮੋਹਨ ਸਿੰਘ ਦਾਊਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
|---|---|---|
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਢਾਡੀ ਕਲਾ ਦਾ ਸਿਰਨਾਵਾਂ
## ਗੁਰਦੇਵ ਸਿੰਘ ਕੋਨਾ



ਢਾਡੀ ਕਲਾ ਦੀ ਪਰੰਪਰਾ ਸਿੱਖ ਗੁਰੂ ਸਾਹਿਬਾਨ ਦੀ ਵਰੋਸਾਈ ਹੋਈ, ਲੋਕ ਹਰਮਨ ਪਿਆਰਤਾ ਨਾਲ ਬੱਝੀ ਹੋਈ ਹੈ। ਸਿੱਖ ਇਤਿਹਾਸ ਅਤੇ ਸਿੱਖ ਜੋਧਿਆਂ ਦਾ ਵਰਨਣ ਜਦੋਂ ਢਾਡੀ ਜੱਥਾ ਗੁਣ-ਗਾਇਨ ਕਰਦਾ ਤਾਂ ਸਰੋਤੇ ਕੀਲੇ ਜਾਂਦੇ ਹਨ। ਇਸ ਕਲਾ ਨੂੰ ਪਰਣਾਏ ਸ੍ਰੀ ਗੁਰਦੇਵ ਸਿੰਘ ਕੋਨਾ ਪੁਆਧ ਦਾ ਮਾਣ ਹਨ।

ਆਪ ਦਾ ਜਨਮ 6 ਜਨਵਰੀ, 1956 ਨੂੰ ਪਿਤਾ ਸ੍ਰੀ ਦਿਆਲ ਸਿੰਘ ਤੇ ਮਾਤਾ ਸ੍ਰੀਮਤੀ ਜਗਿੰਦਰ ਕੌਰ ਦੇ ਗ੍ਰਹਿ ਵਿਖੇ ਪਿੰਡ ਕੋਨਾ, ਜ਼ਿਲ੍ਹਾ ਪੰਚਕੂਲਾ (ਹਰਿਆਣਾ) ਵਿਖੇ ਹੋਇਆ। ਮੈਟ੍ਰਿਕ ਪੜ੍ਹਾਈ ਕਰਦਿਆਂ ਆਪ ਨੇ ਗਿਆਨੀ ਪ੍ਰੇਮ ਸਿੰਘ ਪ੍ਰੇਮ ਬਸੀ ਪਠਾਣਾ ਨੂੰ ਢਾਡੀ ਕਲਾ ਲਈ ਉਸਤਾਦ ਧਾਰਿਆ ਤੇ 1982 ਤੋਂ ਇਸ ਕਲਾ ਨੂੰ ਸਮਰਪਿਤ ਹੋ ਗਏ। ਸਿੱਖ ਇਤਿਹਾਸ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਪੰਜਾਬ ਤੇ ਹਰਿਆਣਾ ਤੋਂ ਬਿਨਾਂ ਆਪ ਨੇ ਯੂ.ਪੀ., ਹਿਮਾਚਲ ਪ੍ਰਦੇਸ਼ ਤੇ ਦਿੱਲੀ ਦੀਆਂ ਸੰਗਤਾਂ ਤੋਂ ਵਾਹਵਾ ਖੱਟੀ। ਢਾਡੀ ਕਲਾ ਦੀ ਪ੍ਰਬੀਨਤਾ ਕਾਰਨ ਆਪ ਕੈਨੇਡਾ ਤੇ ਨਿਊਜ਼ੀਲੈਂਡ ਵੀ ਫੇਰੀ ਪਾ ਆਏ। ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪ ਨੂੰ ਗਵਾਲੀਅਰ ਵਿਖੇ ਅਤੇ ਸੰਤ ਅਜੀਤ ਸਿੰਘ ਨਿਹੋਲਕਾ ਵਾਲਿਆਂ ਨੇ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਵਿਖੇ ਸਨਮਾਨਿਤ ਕੀਤਾ। ਸਾਰੰਗੀ ਵਾਦਕ ਗਿ. ਜੰਗ ਸਿੰਘ, ਢਾਡੀ ਨਰਿੰਦਰ ਸਿੰਘ ਰਾਣਾ ਤੇ ਢਾਡੀ ਗੁਰਸੇਵਕ ਸਿੰਘ ਗੋਬਿੰਦਗੜ੍ਹ ਆਪ ਦੇ ਜੱਥੇ ਦਾ ਸ਼ਿੰਗਾਰ ਹਨ। ਆਪ ਜੀ ਸਾਦਗੀ ਤੇ ਨਿਮਰਤਾ ਦੇ ਪੁੰਜ ਹਨ।

ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ 2024 ਮੌਕੇ ਆਪ ਜੀ ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ ਪ੍ਰਦਾਨ ਕਰਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।

| | | |
|---|---|---|
| ਮਨਮੋਹਨ ਸਿੰਘ ਦਊਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਬਹੁ-ਕਲਾਵਾਂ ਦਾ ਮੁਜੱਸਮਾ
## ਗੁਰਬਿੰਦਰ ਸਿੰਘ ਉਰਫ਼ ਰੋਮੀ ਘੜਾਮਾਂ



ਪੁਆਧ ਖਿੱਤੇ 'ਚ ਆਪਣੀ ਪੈੜ ਪਾਉਣ ਵਾਲਾ ਗੁਰਬਿੰਦਰ ਸਿੰਘ ਉਰਫ਼ ਰੋਮੀ ਘੜਾਮਾਂ ਦਾ ਜਨਮ 21 ਮਈ, 1983 ਨੂੰ ਪਿਤਾ ਸ੍ਰੀ ਹਾਕਮ ਸਿੰਘ ਅਤੇ ਮਾਤਾ ਸ੍ਰੀਮਤੀ ਅਮਰਜੀਤ ਕੌਰ ਦੇ ਗ੍ਰਹਿ ਪਿੰਡ ਘੜਾਮਾਂ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ । ਗਰੈਜੂਏਸ਼ਨ, ਡੀ.ਐਮ.ਐਲ.ਟੀ., ਜੀ. ਐਨ. ਐਮ., ਸੀ.ਐਮ.ਐਸ. ਅਤੇ ਈ.ਡੀ. ਕੋਰਸਾਂ ਤੇ ਟ੍ਰੇਨਿੰਗਾਂ ਕਰਕੇ ਰੋਟੀ-ਰੋਜ਼ੀ ਲਈ ਧੜਾ-ਧੜ ਕੰਮ ਕੀਤਾ। ਜ਼ਿੰਦਗੀ 'ਚ ਕੁਝ ਕਰ ਵਿਖਾਉਣ ਦੇ ਸੁਪਨੇ ਕੱਤੇ ਤੇ ਹੁਨਰੀ ਚਰਖੇ ਨੂੰ ਗੇੜੇ ਦੇਣੇ ਅਰੰਭੇ। ਪੁਆਧੀ ਮਾਂ-ਬੋਲੀ ਦੇ ਮਿੱਠੇ ਕਾਵਿਕ ਟੋਟਕਿਆਂ ਰਾਹੀਂ ਸਰੋਤਿਆਂ ਨੂੰ ਅਜਿਹਾ ਕੀਲਿਆ ਕਿ ਰੋਮੀ ਘੜਾਮਾਂ ਬਣ ਗਿਆ। ਸਾਹਿਤਕ ਪਿੜ ਅਤੇ ਮੈਦਾਨੀ ਪਿੜ 'ਚ ਦੌੜਾਂ ਲਾਉਣ ਲੱਗਿਆ। 60 ਕਿੱਲੋ ਮੀਟਰ ਤੋਂ ਲੈ ਕੇ 42200 ਕਿੱਲੋ ਮੀਟਰ (ਕਰਾਸ ਕੰਟਰੀ) ਦੌੜਾਂ 'ਚ ਅੰਤਰ-ਰਾਸ਼ਟਰੀ, ਰਾਸ਼ਟਰੀ ਅਤੇ ਸਟੇਟ ਪੱਧਰ 'ਤੇ ਗੋਲਡ, ਸਿਲਵਰ ਅਤੇ ਬ੍ਰਾਂਜ ਮੈਡਲਾਂ ਦੀਆਂ ਪੰਡਾਂ ਬੰਨ੍ਹ ਲਈਆਂ। ਸਭਿਆਚਾਰਕ ਤੇ ਇਨਕਲਾਬੀ ਗੀਤਾਂ ਤੋਂ ਬਿਨਾਂ ਪੁਆਧੀ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਮਾਰ੍ਹੀ ਬੋਲੀ ਮਾਰ੍ਹਾ ਲਹਿਜਾ, ਪੁਆਧੀਆਂ ਕੇ ਕਯਾ ਕੈਹਣੇ ਗੀਤ ਗਾਏ ਤੇ ਰਿਕਾਰਡ ਕਰਵਾਏ। ਆਪ ਦੀ ਕਾਵਿ-ਕਿਤਾਬ 'ਬੇਬਾਕੀਆਂ' ਵੀ ਛਪੀ। ਪੱਤਰਕਾਰ ਵੱਜੋਂ ਵਰਲਡ ਪੰਜਾਬੀ ਟਾਈਮਜ਼ (ਕੇਨੈਡਾ), ਜਨ ਸ਼ਕਤੀ ਅਤੇ ਸਮਾਜ ਵੀਕਲੀ (ਇੰਗਲੈਂਡ) ਨਾਲ ਵਾ-ਬਸਤਾ ਹਨ। ਫਿਲਮਾਂ ਵਿੱਚ ਵੀ ਅਦਾਕਾਰੀ ਦੇ ਜੌਹਰ ਵਿਖਾਏ। 2019 ਤੋਂ ਜ਼ਿਲ੍ਹਾ ਰੂਪਨਗਰ 'ਚ ਵਾਤਾਵਰਣ ਸੰਭਾਲ ਜਾਗਰੂਕਤਾ ਮੁਹਿੰਮ ਤਹਿਤ ਸਕੂਲਾਂ 'ਚ ਪ੍ਰੋਗਰਾਮਾਂ ਦੀ ਲੜੀ ਜਾਰੀ ਹੈ। ਅੱਜ ਕੱਲ੍ਹ, ਪ੍ਰਭ ਆਸਰਾ ਕੁਰਾਲੀ ਵਿਖੇ ਅਪਾਹਜ ਬੱਚਿਆਂ ਨੂੰ ਕੋਚ ਅਤੇ ਕੰਟੈਂਟ ਰਾਈਟਰ ਵੱਜੋਂ ਖੇਡਾਂ ਤੇ ਕਲਾਵਾਂ ਲਈ ਰੁਝਿਆ ਹੋਇਆ ਹੈ। ਖਿਡਾਰੀ, ਗਾਇਕ, ਲੇਖਕ, ਵਿਅੰਗਕਾਰ, ਪੱਤਰਕਾਰ, ਅਦਾਕਾਰ ਤੇ ਸਮਾਜ-ਸੇਵੀ ਰੋਮੀ ਘੜਾਮਾਂ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ 2024 ਮੌਕੇ ਮਾਸਟਰ ਰਘਬੀਰ ਸਿੰਘ ਬੈਦਵਾਨ ਪੁਰਸਕਾਰ ਪ੍ਰਦਾਨ ਕਰਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।

| ਮਨਮੋਹਨ ਸਿੰਘ ਦਊਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
|---|---|---|
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਸਿੱਖ ਇਤਿਹਾਸ ਦਾ ਸਿਰੜੀ ਖੋਜੀ ਸਾਹਿਤਕਾਰ
## ਜਸਵੰਤ ਸਿੰਘ



ਲੋਕ ਬੋਲੀ ਤਾਂਗਾ ਚੱਲਿਆ ਸ਼ਹਿਰ ਕੁਰਾਲੀ ਦੇ ਜੰਮਪਲ ਜਸਵੰਤ ਸਿੰਘ ਦਾ ਜਨਮ 7 ਅਕਤੂਬਰ, 1950 ਨੂੰ ਪਿਤਾ ਸ. ਮਹਿੰਦਰ ਸਿੰਘ ਤੇ ਮਾਤਾ ਸਰਦਾਰਨੀ ਗੁਰਨਾਮ ਕੌਰ ਦੇ ਗ੍ਰਹਿ ਵਿਖੇ ਹੋਇਆ। ਸੈਕੰਡਰੀ ਵਿੱਦਿਆ ਕੁਰਾਲੀ ਤੋਂ ਕਰਨ ਉਪਰੰਤ ਆਪ ਨੇ ਬੀ.ਏ. ਸਰਕਾਰੀ ਕਾਲਜ ਸੈਕਟਰ ਗਿਆਰਾਂ ਚੰਡੀਗੜ੍ਹ ਤੋਂ ਕੀਤੀ। ਐਮ. ਏ. ਇਤਿਹਾਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕਰਨ ਉਪਰੰਤ ਕਈ ਵਿਭਾਗਾਂ'ਚ ਨੌਕਰੀ ਕੀਤੀ। ਸਿੱਖ ਇਤਿਹਾਸ ਨੂੰ ਹੰਘਾਲਣ ਦੀ ਚੇਸ਼ਟਾ ਪੈਦਾ ਹੋਈ। ਧਰਮ-ਗ੍ਰੰਥਾਂ ਅਤੇ ਇਤਿਹਾਸਕ ਪੁਸਤਕਾਂ ਦਾ ਅਧਿਐਨ ਕੀਤਾ। ਤੱਥਾਂ ਨੂੰ ਲੱਭਣ ਲਈ ਸਮਾਂ, ਸਥਾਨ ਤੇ ਭ੍ਰਮਣ ਕਰਨ ਲਈ ਠਾਣ ਲਈ। ਆਪ ਜ਼ਿਲ੍ਹਾ ਵਿਕਾਸ ਪੰਚਾਇਤ ਅਧਿਕਾਰੀ ਉਪਾਧੀ ਪ੍ਰਾਪਤ ਕਰ ਕੇ ਲੋਕ-ਸੇਵਾ ਦੇ ਪਾਂਧੀ ਬਣ ਗਏ।

ਭਾਈ ਜੈਤਾ (ਜੀਵਨ ਸਿੰਘ) ਦੀ ਸੇਵਾ, ਕੁਰਬਾਨੀ ਅਤੇ ਅਦੁੱਤੀ ਨਿਸ਼ਠਤਾ ਨਮਿੱਤ 'ਗੁਰੂ ਕੇ ਬੇਟੇ' ਵੱਡ ਅਕਾਰੀ 632 ਪੰਨਿਆਂ ਵਾਲੀ ਖੋਜ ਪੁਸਤਕ ਲਿਖ ਕੇ ਵਿਦਵਾਨਾਂ ਨੂੰ ਚਕ੍ਰਿਤ ਕਰ ਦਿੱਤਾ। ਸ੍ਰੀ ਗੁਰੂ ਕਥਾ ਕ੍ਰਿਤ ਕਵੀ ਬਾਬਾ ਜੀਵਨ ਸਿੰਘ ਮੂਲ ਪਾਠ ਸਹਿਤ ਛਪਣ ਤਿਆਰੀ'ਚ ਹੈ। ਰੰਘਰੇਟਿਆਂ ਦਾ ਮਹਾਨ ਕੋਸ਼ ਅਤੇ ਅਸਲ ਸੱਚ ਖੋਜ ਪੁਸਤਕਾਂ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ। ਆਪ ਨੂੰ ਇੰਗਲੈਂਡ, ਫਰਾਂਸ, ਜਰਮਨੀ, ਸਿੰਘਾਪੁਰ, ਆਸਟ੍ਰੇਲੀਆ ਅਤੇ ਪਾਕਿਸਤਾਨ ਵਿਸ਼ਵ ਪੰਜਾਬੀ ਕਾਨਫਰੰਸਾਂ ਵਿੱਚ ਸ਼ਿਰਕਤ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਆਪ ਨੇ ਲਗਭਗ 20 ਖੋਜ ਪੁਸਤਕਾਂ ਪ੍ਰਕਾਸ਼ਿਤ ਕਰਕੇ ਪਾਠਕਾਂ ਨੂੰ ਮੁਫ਼ਤ ਵੰਡੀਆਂ। ਨੌਕਰੀਓਂ ਸੇਵਾ ਮੁਕਤ ਹੋ ਕੇ ਆਪਨੇ ਸਿੱਖ ਇਤਿਹਾਸ ਲਿਖਣ ਦਾ ਮਹਾਂਕੁੰਭ ਅਰੰਭਿਆ ਕੀਤਾ ਹੋਇਆ ਹੈ। ਅਜਿਹੇ ਨਿਸ਼ਕਾਮੀ, ਖੋਜੀ, ਸੇਵਾਪੰਥੀ, ਜਸਵੰਤ ਸਿੰਘ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ 2024 ਮੌਕੇ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ ਪ੍ਰਦਾਨ ਕਰਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।

| ਮਨਮੋਹਨ ਸਿੰਘ ਦਉਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
|---|---|---|
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਪੁਆਧੀ ਅਖਾੜਾ ਪਰੰਪਰਾ ਦਾ ਪਹਿਰੇਦਾਰ
## ਭਗਤ ਤਰਲੋਚਨ ਸਿੰਘ



ਬਚਪਨ ਤੋਂ ਧਾਰਮਿਕ ਰੁਚੀਆਂ ਦੇ ਮਾਲਕ ਭਗਤ ਤਰਲੋਚਨ ਸਿੰਘ ਦਾ ਜਨਮ 1990 ਨੂੰ ਪਿਤਾ ਸ੍ਰੀ ਲਖਮੀਰ ਰਾਮ ਅਤੇ ਮਾਤਾ ਸ਼੍ਰੀਮਤੀ ਜੀਤੋ ਦੇਵੀ ਦੇ ਗ੍ਰਹਿ ਪਿੰਡ ਗੋਬਿੰਦਗੜ੍ਹ ਦੇ ਗੁੱਜਰ ਪਰਿਵਾਰ'ਚ ਹੋਇਆ। ਪਿੰਡ ਦੇ ਸਕੂਲ ਤੋਂ ਅੱਠਵੀਂ ਕੀਤੀ ਤੇ ਮਜਬੂਰੀਆਂ ਕਾਰਨ ਅੱਗੇ ਪੜ੍ਹਾਈ ਨਾ ਹੋ ਸਕੀ। ਚੜ੍ਹਦੀ ਉਮਰੇ ਦੁਰਘਟਨਾ ਕਾਰਨ ਅੱਖਾਂ ਦੀ ਜੋਤ' ਤੇ ਮਾਰੂ ਅਸਰ ਹੋਇਆ ਤੇ ਕੁਦਰਤ ਦੀ ਕਰੋਪੀ ਨੇ ਹੋਰ ਅਣਹੋਣੀ ਕੀਤੀ ਤੇ ਸੱਪ ਨੇ ਡੰਗ ਦਿੱਤਾ। ਬੜੀ ਔਹੜ-ਪੌਹੜ ਕੀਤੀ, ਇਲਾਜ ਲਈ ਦੂਰ ਨੇੜਿਓਂ ਹਰ ਵਸੀਲੇ ਕੀਤੇ ਪਰੰਤੂ 2006'ਚ ਅੱਖਾਂ ਦੀ ਜੋਤ ਜਾਂਦੀ ਰਹੀ। ਜੱਗ ਹਨੇਰਾ ਬਣ ਗਿਆ। ਭਾਣਾ ਸਵੀਕਾਰ ਕੀਤਾ। ਅਗਲੇ ਪੰਧ ਲਈ ਭਗਤ ਆਸਾ ਰਾਮ ਸੋਹਾਣੇ ਦੀ ਗਾਉਣ ਪਰੰਪਰਾ ਨੇ ਹਾਕ ਮਾਰੀ। ਮਨ ਟਿਕਿਆ, ਅੰਦਰੋਂ ਚਾਨਣ ਹੋਣ ਲੱਗਾ। ਉੱਘੇ ਗਾਇਕ ਤੇ ਅਖਾੜਾ ਪ੍ਰੇਮੀ ਸਰਜੀਤ ਰਾਮ ਨਗਾਰੀ ਦੀ ਸੰਗਤ ਦਾ ਰੰਗ ਚੜ੍ਹਿਆ। ਲਿਖਣ ਨਾਲੋਂ ਸੁਣਨ ਸ਼ਕਤੀ ਨੇ ਸਾਥ ਦਿੱਤਾ। ਕਿੱਸਾ ਕਾਵਿ, ਬੈਤਾਂ ਤੇ ਲੜੀਆਂ ਜ਼ੁਬਾਨੀ ਕੰਠ ਹੋਣ ਲੱਗੀਆਂ। ਹੌਸਲਾ ਹੋਇਆ, ਗਿਆਨ ਤੇ ਹੁਨਰ ਦੇ ਸੁਮੇਲ ਨੇ ਪੁਆਧੀ ਅਖਾੜਾ ਲਾਉਣ ਦੀ ਚੇਟਕ ਜਗਮਗਾਈ। 2019 ਤੋਂ ਇਸ ਗਾਇਨ ਕਲਾ ਨਾਲ ਜੁੜ ਗਿਆ। ਟੋਲੀ ਦੇ ਸਾਥੀਆਂ ਨੇ ਮੋਢੇ ਨਾਲ ਮੋਢਾ ਜੋੜ ਲਿਆ ਤੇ ਭਗਤ ਤਰਲੋਚਨ ਸਿੰਘ ਗੋਬਿੰਦਗੜ੍ਹ ਲੋਕ-ਪ੍ਰਿਯ ਹੋ ਗਿਆ। ਚੱਲ ਸੋ ਚੱਲ, ਅਖਾੜੇ ਲਈ ਪਿੰਡਾਂ ਤੋਂ ਫਰਮਾਇਸਾਂ ਦੀ ਝੜੀ ਲੱਗ ਗਈ। ਹੁਣ ਤੱਕ ਛੇ ਸਾਲਾਂ ਦੌਰਾਨ ਪੁਆਧ'ਚ ਸੈਂਕੜੇ ਅਖਾੜੇ ਲਗਾਏ। ਪੰਜਾਬ ਦੇ ਪਿੰਡਾਂ ਤੋਂ ਬਿਨਾਂ ਹਰਿਆਣਾ ਤੇ ਹੋਰ ਥਾਵਾਂ'ਤੇ ਆਪਣੀ ਕਲਾ ਸਦਕਾ ਜਸ ਮਿਲਣ ਲੱਗਿਆ। ਆਪ ਦੀ ਟੋਲੀ'ਚ ਪ੍ਰਮੁੱਖ ਕਲਾਕਾਰ ਚਰਨ ਸਿੰਘ ਰੌਣੀ ਸਾਰੰਗੀ ਵਾਦਕ, ਢੋਲਕੀ-ਮਾਸਟਰ ਰਜੇਸ਼ ਘੜੌਲੀ, ਟਮਕੀਆਂ ਦੇ ਸਾਜਿੰਦੇ ਮਨਦੀਪ ਸ਼ਰਮਾ ਨਗਾਰੀ ਤੇ ਦਾਰਾ ਕਿਲਾਰਾਂ ਆਦਿ ਪੂਰੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਆਪ ਦੀ ਸੇਵਾ ਸੰਭਾਲ ਮਨਦੀਪ ਸ਼ਰਮਾ ਨਗਾਰੀ ਨਿਭਾਅ ਰਿਹਾ ਹੈ। ਚੜ੍ਹਦੀ ਕਲਾ'ਚ ਰਹਿਣ ਵਾਲੇ, ਸਾਫ-ਸੁਥਰੀ ਗਾਇਕੀ ਦਾ ਲਖਾਇਕ, ਪੁਆਧੀ ਅਖਾੜੇ ਦੇ ਕਲਾਕਾਰ ਭਗਤ ਤਰਲੋਚਨ ਸਿੰਘ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ ਮੌਕੇ ਬਾਬਾ ਪ੍ਰਤਾਪ ਸਿੰਘ ਬੈਦਵਾਨ ਪੁਰਸਕਾਰ ਭਗਤ ਆਸਾ ਰਾਮ ਦੀ ਯਾਦ ਵਿੱਚ ਪ੍ਰਦਾਨ ਕਰਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।

| ਮਨਮੋਹਨ ਸਿੰਘ ਦਊਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
| --- | --- | --- |
| ਮੁਖੀ | ਸਰਪ੍ਰਸਤ | ਸਕੱਤਰ |

# ਸ਼ੋਭਾ ਪੱਤਰ

## ਸਫ਼ਲ ਸਮੀਖਿਅਕ ਤੇ ਪੁਆਧ ਦੀ ਸ਼ੋਭਾ
## ਡਾ. ਗੁਰਪ੍ਰੀਤ ਕੌਰ



ਪੁਆਧ ਦੇ ਪਿੰਡ ਵਜੀਦਪੁਰ ਦੀ ਜਾਈ ਡਾ. ਗੁਰਪ੍ਰੀਤ ਕੌਰ ਨੇ ਪਿਤਾ ਸ. ਮੇਜਰ ਸਿੰਘ ਅਤੇ ਮਾਤਾ ਸ੍ਰੀਮਤੀ ਸਪਿੰਦਰ ਕੌਰ ਦੇ ਗ੍ਰਹਿ ਵਿਖੇ 25 ਅਪਰੈਲ, 1982 ਨੂੰ ਜਨਮ ਲਿਆ। ਬਚਪਨ ਤੋਂ ਹੀ ਚੇਤੰਨ ਸੁਭਾਅ ਹੋਣ ਕਾਰਨ ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਪੰਜਾਬੀ ਕਲੀ ਦਾ ਲੋਕਧਾਰਿਕ ਅਧਿਐਨ' ਤੇ ਪੀ.ਐਚ.ਡੀ. ਕੀਤੀ । ਕੰਪਿਉਟਰ ਦਾ ਡਿਪਲੋਮਾ ਵੀ ਕੀਤਾ। ਇਸ ਵੇਲੇ ਆਪ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵੱਜੋਂ ਸੇਵਾਵਾਂ ਨਿਭਾਅ ਰਹੇ ਹਨ । ਪੰਜਾਬੀ ਸਾਹਿਤ ਸਮਾਲੋਚਨਾ'ਚ ਆਪ ਦੀਆਂ ਚਾਰ ਪੁਸਤਕਾਂ ਜ਼ਿਕਰਯੋਗ ਹਨ। ਮੱਧ ਕਾਲੀਨ ਕਾਵਿ ਅਵਿਲੋਕਨ, ਗੁਰਮਤਿ ਸਾਹਿਤ ਦਰਸ਼ਨ, ਪੰਜਾਬੀ ਲੋਕ ਧਾਰਾ ਸਿਧਾਂਤ ਤੇ ਵਿਹਾਰ ਅਤੇ ਪੰਜਾਬੀਅਤ ਦਾ ਮੁਦੱਈ ਡਾ. ਐਮ.ਐਸ. ਰੰਧਾਵਾ। ਇੱਕ ਸਫਲ ਸੰਪਾਦਕ ਵੱਜੋਂ ਆਪ ਨੇ ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾਂ ਸੰਪਾਦਿਤ ਕੀਤੀਆਂ। ਆਪ ਬਹੁਤ ਮਿਹਨਤੀ ਰੁਚੀਆਂ ਕਾਰਨ ਪੰਜਾਬੀ ਖੋਜ ਖੇਤਰ ਵਿੱਚ ਸਦਾ ਗਤੀਸ਼ੀਲ ਹਨ । ਮਾਣ ਵਾਲੀ ਗੱਲ ਹੈ ਆਪ ਦੇ ਇੰਟਰਨੈਸ਼ਨਲ ਜਨਰਲ'ਚ 15 ਖੋਜ-ਨਿਬੰਧ ਤੇ ਨੈਸ਼ਨਲ ਜਨਰਲ ਵਿੱਚ 21 ਖੋਜ-ਨਿਬੰਧ ਪ੍ਰਕਾਸ਼ਿਤ ਹੋ ਚੁੱਕੇ ਹਨ । ਇਸ ਤੋਂ ਬਿਨਾਂ ਪੰਜਾਬੀ ਕਾਨਫਰੰਸਾਂ'ਚ 15 ਖੋਜ-ਨਿਬੰਧਾਂ ਰਾਹੀਂ ਧਾਕ ਜਮਾਈ । ਪੰਜਾਬੀ ਦੀਆਂ ਵਿਭਿੰਨ ਸੰਪਾਦਿਤ ਪੁਸਤਕਾਂ'ਚ ਆਪ ਦੇ ਲਗਭਗ 70 ਖੋਜ- ਨਿਬੰਧਾਂ ਦਾ ਛਪਣਾ ਆਪ ਦੀ ਖੋਜ ਬਿਰਤੀ ਦਾ ਪ੍ਰਤੀਫਲ ਹੈ । ਜਗਤ ਪੰਜਾਬੀ ਸਭਾ ਕੈਨੇਡਾ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ'ਚ ਆਪ ਨੂੰ ਖੋਜ-ਨਿਬੰਧ ਪੇਸ਼ ਕਰਨ'ਤੇ ਸਨਮਾਨਿਤ ਕੀਤਾ ਗਿਆ। ਪੰਜਾਬ ਸਰਕਾਰ ਨੇ ਆਪਦੀਆਂ ਸਭਿਆਚਾਰਕ ਅਤੇ ਸਾਹਿਤਕ ਉਪਲਬਧੀਆਂ ਬਦਲੇ 15 ਅਗਸਤ, 2024 ਨੂੰ ਜ਼ਿਲ੍ਹਾ ਰੂਪਨਗਰ ਪੁਰਸਕਾਰ ਨਾਲ ਅਲੰਕ੍ਰਿਤ ਕੀਤਾ।

ਅਜਿਹੀ ਪ੍ਰਬੀਨ ਸਮੀਖਿਅਕ, ਪੰਜਾਬੀ ਪ੍ਰਾਅਧਿਆਪਕਾ ਤੇ ਵਿਦਿਆਰਥੀਆਂ ਦੀ ਰਾਹ-ਦਸੇਰਾ ਡਾ. ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ ਮੌਕੇ ਸਰਦਾਰਨੀ ਰਵਿੰਦਰ ਕੌਰ ਯਾਦਗਾਰੀ ਪਲੇਠਾ ਪੁਰਸਕਾਰ 2024 ਪ੍ਰਦਾਨ ਕਰ ਕੇ ਅਤੀ ਗੌਰਵ ਮਹਿਸੂਸ ਕਰ ਰਹੀ ਹੈ।


| | | |
|---|---|---|
| ਮਨਮੋਹਨ ਸਿੰਘ ਦਾਊਂ | ਡਾ. ਨਿਰਮਲ ਸਿੰਘ ਲਾਂਬੜਾ | ਪ੍ਰਿੰ. ਗੁਰਮੀਤ ਸਿੰਘ ਖਰੜ |
| ਮੁਖੀ | ਸਰਪ੍ਰਸਤ | ਸਕੱਤਰ |

# ਆਦਰਸ਼ਕ ਅਧਿਆਪਕ ਤੇ ਲੋਕ-ਹਿਤੈਸ਼ੀ
# ਮਾ. ਸਰੂਪ ਸਿੰਘ ਨੰਬਰਦਾਰ

ਸਾਡੇ ਪੂਜਨੀਕ ਦਾਦਾ ਜੀ ਸ੍ਰੀ ਸਰੂਪ ਸਿੰਘ ਦਾ ਸੰਘਰਸ਼ਮਈ ਜੀਵਨ ਇੱਕ ਖੁੱਲ੍ਹੀ ਪੁਸਤਕ ਵਾਂਗ ਹੈ। ਖਰੜ ਇਲਾਕੇ ਵਿੱਚ ਉਨ੍ਹਾਂ ਨੂੰ ਸਤਿਕਾਰ ਵਜੋਂ 'ਮਾਸਟਰ ਜੀ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਪੰਜਾਬ ਦੇ ਨੰਬਰਦਾਰ ਉਨ੍ਹਾਂ ਨੂੰ ਆਪਣਾ 'ਰਹਿਬਰ' ਮੰਨਦੇ ਹਨ। ਪਿੰਡ ਦੀਆਂ ਔਰਤਾਂ ਆਪਣਾ 'ਬਜ਼ੁਰਗ' ਸਮਝਦੀਆਂ ਅਤੇ ਬੱਚੇ ਉਨ੍ਹਾਂ ਨੂੰ 'ਬਾਬਾ ਜੀ' ਕਹਿ ਕੇ ਝੁਰਮਟ ਪਾ ਲੈਂਦੇ। ਸ਼ਾਗਿਰਦ ਉਨ੍ਹਾਂ ਨੂੰ 'ਗੁਰੂਜੀ' ਕਹਿਣ 'ਚ ਮਾਣ ਸਮਝਦੇ। ਸੱਚਮੁੱਚ ਉਹ ਸਭ ਦੇ ਸਾਂਝੇ ਨਾਇਕ ਸਨ। ਪਿਆਰ ਵੰਡਣ ਵਾਲੇ, ਨੇਕੀ ਕਰਨ ਵਾਲੇ, ਚੜ੍ਹਦੀ ਕਲਾ ਵਾਲੇ।

ਉਨ੍ਹਾਂ ਦਾ ਜਨਮ 1900 ਦੇ ਨੇੜੇ-ਤੇੜੇ ਪਿੰਡ ਪਲਸੌਰਾ (ਯੂ.ਟੀ. ਚੰਡੀਗੜ੍ਹ) ਵਿਖੇ ਹੋਇਆ। ਉਹ ਅਜੇ ਮਾਂ ਦੀ ਗੋਦ ਦਾ ਲਾਡ ਹੀ ਲੈ ਰਹੇ ਸਨ ਕਿ ਪਿਤਾ ਦਾ ਸਾਇਆ ਸਿਰੋਂ ਉਠ ਗਿਆ। ਘਰ 'ਚ ਵੱਡੇ ਭਰਾ ਤੇ ਵਿਧਵਾ ਮਾਂ ਨੂੰ ਅਤਿ ਦੀ ਤੰਗੀ-ਤੁਰਸ਼ੀ ਦਾ ਸਾਹਮਣਾ ਕਰਨਾ ਪਿਆ। ਫਲਸਰੂਪ ਉਨ੍ਹਾਂ ਨੂੰ ਅੰਮ੍ਰਿਤਸਰ ਯਤੀਮਖਾਨੇ ਦਾਖਲ ਕਰਵਾ ਦਿੱਤਾ। ਉਥੇ 1904 ਤੋਂ 1909 ਤਕ ਰਹਿਣ ਪਿੱਛੋਂ ਪਿੰਡ ਆ ਗਏ ਤੇ ਪ੍ਰਾਇਮਰੀ ਸਕੂਲ ਮਲੋਆ ਪੜ੍ਹਨ ਲੱਗੇ। ਉਥੋਂ ਚੌਥੀ ਸ਼੍ਰੇਣੀ ਵਜ਼ੀਫਾ ਲੈ ਕੇ ਪਾਸ ਕੀਤੀ। ਅਗਲੀ ਵਿਦਿਆ ਲਈ ਰੋਪੜ ਸਕੂਲ 'ਚ ਦਾਖਲ ਹੋ ਗਏ। ਇਸ ਦੌਰਾਨ ਭਰਾ ਦਾ ਦਿਹਾਂਤ ਹੋ ਗਿਆ। ਕੁਝ ਮਹੀਨਿਆਂ ਪਿੱਛੋਂ 1917 'ਚ ਮਾਂ ਵੀ ਚੱਲ ਵਸੀ। ਅੱਠਵੀਂ 'ਚ ਪੜ੍ਹਦੇ ਮਾਸੂਮ ਬਾਲ ਦਾ ਕੋਈ ਵੀ ਸਹਾਰਾ ਨਾ ਰਿਹਾ।

ਅੱਠਵੀਂ 'ਚ ਯਤੀਮ ਹੋਏ ਵਿਦਿਆਰਥੀ ਨੇ ਨੰਬਰਦਾਰੀ ਦੇ ਜੱਦੀ ਹੱਕ-ਸੱਚ ਲਈ ਅੰਗਰੇਜ਼ ਦੀ ਕਚਹਿਰੀ 'ਚ ਬਿਆਨ ਦੇ ਕੇ ਸਵੈਮਾਣ ਤੇ ਸਵੈਵਿਸ਼ਵਾਸ ਦੀ ਜਿੱਤ ਪ੍ਰਾਪਤ ਕੀਤੀ ਤੇ ਪੜ੍ਹਾਈ ਜਾਰੀ ਰੱਖੀ। ਗਿਆਨੀ ਮਹਿੰਦਰ ਸਿੰਘ (ਘਟੌਰ) ਨੇ ਉਨ੍ਹਾਂ ਦੀ ਕਾਬਲੀਅਤ ਕਰ ਕੇ ਰੋਪੜ



ਤੋਂ ਦਸਵੀਂ ਸ਼੍ਰੇਣੀ ਵਿਚ ਖਾਲਸਾ ਹਾਈ ਸਕੂਲ ਖਰੜ ਲੈ ਆਂਦਾ। ਇਥੋਂ ਦਸਵੀਂ ਕੀਤੀ ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਜੇ.ਏ.ਵੀ. ਦੀ ਟ੍ਰੇਨਿੰਗ ਪਾਸ ਕੀਤੀ। ਮੁੜ 1923 ਵਿੱਚ ਖਾਲਸਾ ਸਕੂਲ ਖਰੜ 'ਚ ਅਧਿਆਪਕ ਲਗ ਗਏ। ਇਸ ਸਕੂਲ ਵਿੱਚ ਲਗਾਤਾਰ ਟੀਚਰ-ਕਮ-ਕਲਰਕ ਦੇ ਤੌਰ 'ਤੇ 37 ਸਾਲ ਸੇਵਾ ਕੀਤੀ। 1959 'ਚ ਸੇਵਾ-ਮੁਕਤ ਹੋਏ। ਆਪ ਦੀਆਂ ਸ਼ਾਨਦਾਰ ਸੇਵਾਵਾਂ ਕਰ ਕੇ ਸਨਮਾਨਿਤ ਕੀਤਾ ਗਿਆ। ਆਪ ਬਹੁਤ ਮਿਹਨਤੀ, ਇਮਾਨਦਾਰ ਤੇ ਅੰਗਰੇਜ਼ੀ ਦੇ ਆਦਰਸ਼ਕ ਅਧਿਆਪਕ ਸਨ। ਆਪ ਇਲਾਕੇ 'ਚ ਬਹੁਤ ਹਰਮਨ ਪਿਆਰੇ ਹੋ ਗਏ।

ਖਰੜ ਇਲਾਕੇ ਵਿੱਚ ਉਨ੍ਹਾਂ ਦੀ ਕੀਰਤੀ ਦੀ ਮਹਿਮਾ ਗੁਣਵੰਤੀ ਹੈ। ਉਨ੍ਹਾਂ ਨੇ ਕਈ ਗਰੀਬ ਬੱਚਿਆਂ ਨੂੰ ਆਪਣੇ ਕੋਲ ਰੱਖ ਕੇ ਸਿੱਖਿਆ ਦਾ ਖਰਚ ਆਪਣੇ ਸਿਰ ਲਿਆ। ਉਹਨਾਂ ਦੇ ਵਿਦਿਆਰਥੀ ਉੱਚੇ ਅਹੁਦਿਆਂ 'ਤੇ ਪਹੁੰਚੇ। ਲੋੜਵੰਦਾਂ ਦੇ ਮਸੀਹਾ ਵਾਲੀ ਭੂਮਿਕਾ ਨਿਭਾਅ ਕੇ ਉਨ੍ਹਾਂ ਨੇ ਲੋਕ-ਹਿੱਤ ਵਾਲਾ ਜਸ ਖੱਟਿਆ।

1947 'ਚ ਉਨ੍ਹਾਂ ਦਾਊਂ ਪਿੰਡ ਦੇ ਮੁਸਲਮਾਨਾਂ ਨੂੰ ਜਿਸ ਦਲੇਰੀ ਨਾਲ ਬਿਨਾਂ ਕਿਸੇ ਨੁਕਸਾਨ ਦੇ ਖਰੜ

ਕੈਂਪ 'ਚ ਪੁਚਾਇਆ, ਉਸ ਨੇਕੀ ਨੂੰ ਲੋਕ ਅੱਜ ਵੀ ਯਾਦ ਕਰਦੇ ਨੇ। ਪਿੰਡ ਭਲਾਈ ਦੇ ਕਿੰਨੇ ਹੀ ਕੰਮਾਂ 'ਚ ਅਗਵਾਈ ਕਰਦੇ ਰਹੇ। ਸਕੂਲ, ਹਸਪਤਾਲ, ਡਿਸਪੈਂਸਰੀ, ਡਾਕਖਾਨਾ, ਧਰਮਸ਼ਾਲਾ, ਗੁਰਦੁਆਰਾ, ਖੂਹ, ਟੋਭਾ, ਸੜਕਾਂ, ਨਾਲੀਆਂ ਆਦਿ ਬਣਾਉਣ ਵਿੱਚ ਉਨ੍ਹਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਕਿੰਨੇ ਹੀ ਬੇਸਹਾਰਿਆਂ ਤੇ ਲੋੜਵੰਦਾਂ ਨੂੰ ਸਰਕਾਰੀ ਪੈਨਸ਼ਨਾਂ ਲਵਾਈਆਂ। ਉਹ ਹਰ ਇਕ ਦੇ ਦੁਖ-ਸੁਖ ਵਿਚ ਸ਼ਰੀਕ ਹੁੰਦੇ।

ਉਨ੍ਹਾਂ ਨੇ ਪੰਜਾਬ ਦੇ ਪਿੰਡਾਂ 'ਚ ਘੁੰਮ-ਘੁੰਮ ਕੇ ਪੰਜਾਬ ਨੰਬਰਦਾਰਾ ਯੂਨੀਅਨ (ਰਜਿ.) ਨੂੰ ਜਥੇਬੰਦ ਕੀਤਾ। ਇਸ ਜਥੇਬੰਦੀ ਦੇ ਸੰਸਥਾਪਕ ਤੇ ਮੋਢੀ ਪ੍ਰਧਾਨ ਵਜੋਂ ਦਿਨ ਰਾਤ ਘਾਲਣਾ ਘਾਲੀ ਤੇ ਅੰਤ ਤੀਕ ਚੀਫ਼ ਪੈਟਰਨ ਵਜੋਂ ਸ਼ਾਨਦਾਰ ਸੇਵਾ ਨਿਭਾਈ। 'ਪੰਜਾਬ ਨੰਬਰਦਾਰਾ ਭਵਨ' ਲਈ ਆਪਣੀ ਇਕ ਬਿੱਘਾ ਜ਼ਮੀਨ ਪਿੰਡ ਪਲਸੌਰਾ (ਯੂ.ਟੀ. ਚੰਡੀਗੜ੍ਹ) ਵਿਖੇ ਦਾਨ ਵਜੋਂ ਰਜਿਸਟਰਡ ਕਰਵਾਈ।

ਉਹ ਕਥਨੀ ਤੇ ਕਰਨੀ ਦਾ ਸੁਮੇਲ ਸਨ। ਗੁਰਬਾਣੀ ਨਾਲ ਸੱਚੀ ਲਗਨ ਸੀ। ਸਚਿਆਈ ਦੇ ਅਲੰਬਰਦਾਰ ਸਨ। ਕਿਰਤ ਦੇ ਹਾਮੀ, ਸਪਸ਼ਟਤਾ ਤੇ ਨਿਰਪੱਖਤਾ ਦੇ ਪੁੰਜ, ਸੰਜਮਤਾ ਦੇ ਸੰਦੇਸ਼ਕ, ਸਵੈਵਿਸ਼ਵਾਸ ਦੇ ਸਤੰਭ, ਟੀਚੇ ਦੇ ਸਿਰੜੀ, ਨਿਡਰਤਾ ਦੀ ਉਦਾਹਰਣ ਤੇ ਅਣਥੱਕ ਯੋਗੀ - ਉਨ੍ਹਾਂ ਦੀ ਸ਼ਖ਼ਸੀਅਤ ਦੇ ਇਹ ਵਿਸ਼ੇਸ਼ ਗੁਣ ਸਨ। ਕੁਝ ਮਹੀਨੇ ਬਿਮਾਰ ਰਹਿਣ ਕਾਰਨ, ਇਹ ਕਰਮਸ਼ੀਲ ਨਾਇਕ 16 ਮਾਰਚ, 1991 ਦੀ ਰਾਤ ਨੂੰ ਆਪਣੀਆਂ ਅਮਿੱਟ ਪੈੜਾਂ ਪਿੱਛੇ ਛੱਡ ਸਾਥੋਂ ਸਦਾ ਲਈ ਵਿਛੜ ਗਿਆ। ਉਨ੍ਹਾਂ ਆਪਣੀ 92 ਵਰ੍ਹੇ ਦੀ ਉਮਰ ਦਾ ਹਰ ਪਲ ਸਾਰਥਿਕ ਬਣਾ ਕੇ ਜੀਵਿਆ। ਦਾਊਂ ਪਰਿਵਾਰ ਵੱਲੋਂ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ ਸਥਾਪਤ ਕਰਨਾ, ਵੱਡ-ਪੁਰਖ ਦੀ ਯਾਦ ਵਿੱਚ ਨਿਮਾਣਾ ਜਿਹਾ ਯਤਨ ਹੈ ਜੋ 2004 ਤੋਂ ਅਰੰਭ ਕੀਤਾ ਗਿਆ। ਅਸੀਂ ਜੋ ਕੁਝ ਹਾਂ, ਆਪਣੇ ਪੁਰਖਿਆਂ ਦੀ ਬਦੌਲਤ ਹੀ ਹਾਂ।

**ਉੱਤਮਵੀਰ ਸਿੰਘ ਦਾਊਂ**



Mob.: 98154-65671
99887-52600
Shali
CHHABRA FRUIT SHOP
Fresh Fruit Merchants & Order Suppliers,
Shagun Baskets also available here

Specialist in:
Arrangements for Juice for Marriage & Parties
Shop No. 129-130, Sahibzada Ajit Singh Market, Phase IV, Mohali

ਪੁਆਧੀ ਪੰਜਾਬੀ ਸੱਥ ਦੇ ਸਾਲਾਨਾ ਸਨਮਾਨ ਸਮਾਗਮ ਲਈ ਹਾਰਦਿਕ ਸ਼ੁਭ ਇਛਾਵਾਂ ਵੱਲੋਂ
R&S
Rakesh Super Store
The Complete Grocery Store
Booth No. 18-19, Phase 5, Mohali
Phone: 0172-2266818, 2226818
Mobile: 97800-36350, 79730-85525
Best deals & offers

# ਉੱਘੇ ਵਿਦਵਾਨ ਤੇ ਸਾਹਿਤਕਾਰ – ਗੁਰਬਖ਼ਸ਼ ਸਿੰਘ ਕੇਸਰੀ
## (1881-1958)

ਸ. ਗੁਰਬਖ਼ਸ਼ ਸਿੰਘ ਕੇਸਰੀ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਉੱਘੇ ਪੱਤਰਕਾਰ, ਸਾਹਿਤਕਾਰ, ਖੋਜੀ, ਪੜਚੋਲੀਏ, ਸੰਪਾਦਕ ਅਤੇ ਅਨੁਵਾਦਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਹ ਪੰਜਾਬੀ ਸਾਹਿਤਕਾਰਾਂ ਦੀ ਉਸ ਪੀੜ੍ਹੀ ਨਾਲ ਸੰਬੰਧ ਰੱਖਦੇ ਹਨ ਜਿਨ੍ਹਾਂ ਨੂੰ ਸਿੰਘ ਸਭਾ ਲਹਿਰ ਦੀ ਉਪਜ ਕਿਹਾ ਜਾਂਦਾ ਹੈ।

ਕੇਸਰੀ ਜੀ ਦਾ ਜਨਮ 1881 ਵਿਚ ਪਿੰਡ ਹਸਨਪੁਰ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਉਂ ਸਰਦਾਰ ਧਿਆਨ ਸਿੰਘ ਅਤੇ ਮਾਤਾ ਦਾ ਨਾਉਂ ਨੰਦ ਕੌਰ ਸੀ। ਪਿੰਡ ਹਸਨਪੁਰ, ਤਹਿਸੀਲ ਖਰੜ ਦਾ ਛੋਟਾ ਜਿਹਾ ਪਿੰਡ ਹੈ। ਜਿਹੜਾ ਪਹਿਲਾਂ ਜ਼ਿਲ੍ਹਾ ਅੰਬਾਲਾ ਵਿੱਚ ਪੈਂਦਾ ਸੀ, ਫਿਰ ਜ਼ਿਲ੍ਹਾ ਰੂਪਨਗਰ ਦਾ ਅੰਗ ਬਣ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਵਾਂ ਜ਼ਿਲ੍ਹਾ ਬਣਨ ਤੇ ਇਹ ਪਿੰਡ ਇਸ ਜ਼ਿਲ੍ਹੇ ਵਿਚ ਆ ਗਿਆ।

ਡਾ. ਪਿਆਰ ਸਿੰਘ ਨੇ ਕੇਸਰੀ ਹੁਰਾਂ ਦੀ 1957 ਵਿੱਚ ਪ੍ਰਕਾਸ਼ਿਤ ਪੁਸਤਕ 'ਸੱਤ ਸਾਦਿਕ' ਦੇ ਅਰੰਭ ਵਿਚ 'ਜਾਣ ਪਛਾਣ' ਸਿਰਲੇਖ ਹੇਠ ਲਿਖਿਆ ਹੈ, "ਸ. ਗੁਰਬਖ਼ਸ਼ ਸਿੰਘ 'ਕੇਸਰੀ' ਪੰਜਾਬੀ ਸਾਹਿਤਕਾਰਾਂ ਦੀ ਉਸ ਪੀੜ੍ਹੀ ਨਾਲ ਸੰਬੰਧ ਰੱਖਦੇ ਹਨ ਜਿਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਿੰਘ ਸਭਾ ਲਹਿਰ ਦੀ ਉਪਜ ਕਿਹਾ ਜਾਂਦਾ ਹੈ।"

ਕੇਸਰੀ ਜੀ ਨੇ ਘੜੂੰਏਂ ਤੇ ਕੁਰਾਲੀ ਦੇ ਸਕੂਲਾਂ ਵਿਚ ਫ਼ਾਰਸੀ ਤੇ ਉਰਦੂ ਦੀ ਵਿਦਿਆ ਪ੍ਰਾਪਤ ਕੀਤੀ। ਆਪ ਨੇ ਸੰਸਕ੍ਰਿਤ ਦਾ ਅਧਿਐਨ ਵੀ ਕੀਤਾ। ਪੰਜਾਬੀ ਅਤੇ ਹਿੰਦੀ ਦੀ ਨਿਪੁੰਨਤਾ ਤਾਂ ਆਪ ਨੂੰ ਖਾਨਦਾਨੀ ਵਿਰਸੇ ਵਿੱਚੋਂ ਹੀ ਮਿਲ ਚੁੱਕੀ ਸੀ।

ਪਿਆਰ ਸਿੰਘ ਅਨੁਸਾਰ "ਆਪ ਜੀ ਦੇ ਦਾਦਾ ਸੰਸਕ੍ਰਿਤ ਤੇ ਫਾਰਸੀ ਦੇ ਵਿਦਵਾਨ ਤੇ ਸਾਹਿਤ ਰਸੀਏ ਸਨ। ਪਿਤਾ ਨੂੰ ਵੀ ਸਾਹਿਤ ਦਾ ਸ਼ੌਕ ਸੀ। ਇਸ ਤਰ੍ਹਾਂ ਕੇਸਰੀ ਜੀ ਨੂੰ ਲੁੜੀਂਦੀ ਸਿਖਿਆ ਵਿਰਸੇ ਵਿਚ ਮਿਲੀ। ਸੰਸਕ੍ਰਿਤ ਵੀ ਸਿੱਖੀ ਤੇ ਫ਼ਾਰਸੀ ਵੀ। ਨਾਲ ਹੀ ਕੁਝ ਪਿੰਗਲ ਦਾ ਅਭਿਆਸ ਹੋਇਆ, ਜਿਸ ਕਾਰਣ ਇਨ੍ਹਾਂ ਦੇ ਅੰਦਰੋਂ ਕਵਿਤਾ ਦਾ ਸੋਮਾ ਫੁਟ ਨਿਕਲਿਆ।"



'ਪੰਜਾਬ ਕੋਸ਼' ਅਨੁਸਾਰ ਕੇਸਰੀ ਹੁਰਾਂ ਨੇ "ਛੋਟੀ ਜਿਹੀ ਉਮਰ ਤੋਂ ਹੀ ਸਿੱਖ ਇਤਿਹਾਸ ਬਾਰੇ ਡੂੰਘਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਸੀ।"

ਗੁਰਬਖ਼ਸ਼ ਸਿੰਘ ਕੇਸਰੀ ਨੇ 1906 ਤੋਂ 1908 ਤਕ ਖ਼ਾਲਸਾ ਦੀਵਾਨ ਮਲਾਇਆ ਦੇ ਪ੍ਰਚਾਰਕ ਦੇ ਤੌਰ 'ਤੇ ਕੰਮ ਕੀਤਾ। ਮਲਾਇਆ ਤੋਂ ਪਰਤ ਕੇ 1908 ਵਿਚ ਸਿੱਖ ਕੰਨਿਆਂ ਪਾਠਸ਼ਾਲਾ, ਰੋਪੜ ਖੋਲ੍ਹੀ। ਉਨ੍ਹਾਂ ਨੇ ਇਸ ਸੰਸਥਾ ਦੇ ਪ੍ਰਬੰਧਕ ਵਜੋਂ ਸੇਵਾ ਨਿਭਾਈ। ਗਿਆਨੀ ਦਿੱਤ ਸਿੰਘ ਦੇ ਪ੍ਰਸ਼ੰਸਕ ਅਤੇ ਹਮਖ਼ਿਆਲ ਹੋਣ ਕਰਕੇ ਕੇਸਰੀ ਜੀ ਨੇ 1910 ਵਿੱਚ ਗਿਆਨੀ ਦਿੱਤ ਸਿੰਘ ਦੇ ਨਾਉਂ ਤੇ ਦਿੱਤ ਸਿੰਘ ਮੈਗਜ਼ੀਨ ਰੋਪੜ ਤੋਂ ਜਾਰੀ ਕੀਤਾ। ਇਹ ਮਾਸਿਕ ਪੱਤਰ ਸੀ। 'ਪੰਜਾਬ ਕੋਸ਼' ਅਨੁਸਾਰ ਹੀ ਗੁਰਬਖ਼ਸ਼ ਸਿੰਘ ਕੇਸਰੀ 1913 ਵਿੱਚ ਪਟਿਆਲਾ ਰਿਆਸਤ ਦੇ ਸਰਕਾਰੀ ਅਖ਼ਬਾਰ ਪਟਿਆਲਾ ਗਜ਼ਟ ਦੇ ਸਬ ਐਡੀਟਰ ਬਣੇ (ਇੱਕ-ਦੋ ਥਾਂ ਐਡੀਟਰ ਵੀ ਲਿਖਿਆ ਮਿਲਦਾ ਹੈ।) ਪ੍ਰਿ. ਅਜਮੇਰ ਸਿੰਘ ਅਨੁਸਾਰ "ਇਸ ਤੋਂ ਮਗਰ ਆਪ ਜੀ ਨੇ ਇੰਸਪੈਕਟਰ ਡਿਉਢੀ ਮਹੱਲਾ ਪਟਿਆਲਾ ਦਰਬਾਰ ਵਿਚ ਅਤੇ ਰਾਜ-ਕਵੀ ਦੇ ਅਹੁਦਿਆਂ ਉੱਤੇ ਕੰਮ ਕੀਤਾ। ਸਰਕਾਰੀ ਗਜ਼ਟ ਵਿਚ ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਦਸਤਖਤਾਂ ਹੇਠ, ਸ. ਗੁਰਬਖ਼ਸ਼ ਸਿੰਘ ਕੇਸਰੀ ਨੂੰ ਰਾਜ-ਕਵੀ ਦੀ ਪਦਵੀ ਦੇਣ ਦਾ ਐਲਾਨ ਪ੍ਰਕਾਸ਼ਿਤ ਕੀਤਾ ਗਿਆ।"

"1948 ਈ: ਵਿਚ ਆਪ ਖਾਲਸਾ ਪਾਰਲੀਮੈਂਟ ਗਜ਼ਟ ਦੇ ਐਡੀਟਰ ਬਣੇ।"

ਈਸਵੀ ਸੰਨ 1920 ਵਿਚ ਰਣਜੀਤ ਲਾਹੌਰ ਦੀ ਸੰਪਾਦਨਾ ਕੀਤੀ ਅਤੇ ਕੁਝ ਸਮਾਂ ਖ਼ਾਲਸਾ ਪਾਰਲੀਮੈਂਟ

ਗਜ਼ਟ ਦੇ ਚੀਫ਼-ਐਡੀਟਰ ਰਹੇ। ਉਹਨਾਂ ਨੇ ਇਹ ਸੇਵਾ ਆਨਰੇਰੀ ਸੰਪਾਦਕ ਵਜੋਂ ਕੀਤੀ।

'ਸੁਖ ਜੀਵਨ' ਹਫ਼ਤਾਵਰ ਵਿੱਚ ਕੇਸਰੀ ਜੀ ਦੇ ਲੇਖ ਛਪਦੇ ਸਨ।

ਗੁਰਬਖਸ਼ ਸਿੰਘ ਕੇਸਰੀ ਨੇ ਕਈ ਸਾਲ ਪਟਿਆਲਾ ਰਿਆਸਤ ਦੀ ਨੌਕਰੀ ਕੀਤੀ ਅਤੇ ਉਥੋਂ ਹੀ ਸੇਵਾ ਮੁਕਤ ਹੋਏ।

ਕੇਸਰੀ ਹੁਰੀਂ ਆਪਣੀ ਉਮਰ ਦੇ 76ਵੇਂ ਵਰ੍ਹੇ ਵਿਚ ਸਨ ਜਦੋਂ ਪਿਆਰ ਸਿੰਘ ਨੇ 1957 ਵਿਚ ਛਪੀ ਸੱਤ ਸਾਦਿਕ ਦੀ ਜਾਣ-ਪਛਾਣ ਲਿਖੀ। ਇਸ ਤੋਂ ਜਾਪਦਾ ਹੈ ਕਿ ਪਿਆਰ ਸਿੰਘ ਕੇਸਰੀ ਹੁਰਾਂ ਨੂੰ ਨਿਜੀ ਤੌਰ 'ਤੇ ਮਿਲੇ ਵੀ ਸਨ। ਪਿਆਰ ਸਿੰਘ ਨੇ ਕੇਸਰੀ ਜੀ ਦੀਆਂ ਲਿਖਤਾਂ ਬਾਰੇ ਲਿਖਿਆ ਹੈ, "ਇਸ ਵਕਤ ਆਪ ਡੇਢ ਦੋ ਦਰਜਨ ਦੇ ਕਰੀਬ ਮੌਲਕ ਤੇ ਅਨੁਵਾਦਤ ਪੁਸਤਕਾਂ ਦੇ ਕਰਤਾ ਹਨ, ਜਿਨ੍ਹਾਂ ਵਿਚੋਂ ਦਰਜਨ ਕੁ ਦੇ ਕਰੀਬ ਛਪ ਵੀ ਚੁੱਕੀਆਂ ਹਨ।"

ਕੇਸਰੀ ਜੀ ਦੀਆਂ ਰਚਨਾਵਾਂ :

ਕੇਸਰੀ ਹੁਰਾਂ ਦੀਆਂ ਹੇਠ ਲਿਖੀਆਂ ਪੁਸਤਕਾਂ ਬਾਰੇ ਜਾਣਕਾਰੀ ਪ੍ਰਾਪਤ ਹੈ :

ਪ੍ਰਕਾਸ਼ਿਤ ਪੁਸਤਕਾਂ : ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ, ਸੱਤ ਸਾਦਿਕ, ਸੰਖਿਆ ਕੋਸ਼ (ਇਸ ਵਰ੍ਹੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਇਸ ਵਡਮੁੱਲੀ ਪੁਸਤਕ ਦੀ ਨਵੀਂ ਐਡੀਸ਼ਨ ਪ੍ਰਕਾਸ਼ਿਤ ਕੀਤੀ ਹੈ), ਭੁੱਲੜ ਜੱਟ, ਪੁਜਾਰੀ ਪ੍ਰਬੋਧ, ਮਨੋਹਰ ਮੰਤ੍ਰ, ਪੰਥ ਜਗਾਵਾਂ, ਅਨੁਪਮ ਕਲਗੀ, ਧੂਰਤ ਕਹਾਣੀਆਂ, ਸੁਗੰਧਿ ਅਸਥਾਨ, ਜੀਵਨ ਸੰਤ ਭਗਤ ਸਿੰਘ, ਅਦੁਤੀਯ ਆਗਮ, ਸਾਡੇ ਪੰਥਿਕ ਗੀਤ, ਕਲਮ ਤੇ ਤਲਵਾਰ ਦਾ ਸੰਬਾਦ, ਸਿੰਧੀ ਬੱਚਾ, ਚਾਹ ਤੇ ਨਸਵਾਰ, ਗੁਰੂਦਰਸ਼ਨ ਦੀ ਸਿੱਕ, ਪ੍ਰਸੰਗ ਭਾਈ ਗੋਂਦਾ, ਰੋਪੜੀਆ ਪੀਰ ਤੇ ਨੌਵੇਂ ਗੁਰੂ ਸਾਹਿਬ, ਸ਼ਾਹ ਭੀਖਣ

'ਪੁਜਾਰੀ ਪ੍ਰਬੋਧ' ਪੁਸਤਕ ਦਾ ਦੂਜਾ ਨਾਉਂ 'ਮਨੋਹਰ ਬਾਗ ਦੇ ਗੰਦੇ ਫਲ' ਵੀ ਹੈ।

ਅਨੁਵਾਦਿਤ ਰਚਨਾਵਾਂ : ਸ੍ਰੀ ਮਦ ਭਗਵਤ ਗੀਤਾ, ਚਾਨਕੀਆ ਰਾਜਨੀਤੀ, ਵਰਿੰਦ ਸਤ ਸਈ, ਧੂਰਤ ਕਹਾਣੀਆਂ

ਅਣਛਪੀਆਂ ਪੁਸਤਕਾਂ : ਭਗਵਤ ਗੀਤਾ, ਚਾਣਕਯ ਨੀਤੀ, ਵਰਿੰਦ ਸਤਸਈ, ਸਭਿਅਤਾ ਸਾਗਰ, ਸਾਹਿਤ ਸਾਗਰ, ਵਿਗਿਆਨਕ ਲੇਖ, ਕੇਸਰੀ ਝਲਕਾਂ, ਗੁਰਮਤਿ ਸਿਧਾਂਤ

ਕੇਸਰੀ ਜੀ ਸਿਰੜੀ ਲੇਖਕ ਸਨ। ਉਹ ਸਿੰਘ ਸਭਾ ਲਹਿਰ ਦੇ ਆਸ਼ਿਆਂ ਨਾਲ ਪ੍ਰਣਾਏ ਹੋਏ ਸਨ। ਸਿਰਣਾਤਮਿਕਤਾ ਅਤੇ ਮੌਲਕਿਤਾ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਡੁੱਲ ਡੁੱਲ ਪੈਂਦੀ ਹੈ। ਸਾਰੀਆਂ ਪੁਸਤਕਾਂ ਉਪਲਬਧ ਨਹੀਂ ਹਨ ਹਾਲਾਂਕਿ ਉਨ੍ਹਾਂ ਦੇ ਦੇਹਾਂਤ ਨੂੰ ਅਜੇ ਪੰਜਾਹ ਸਾਲ ਵੀ ਨਹੀਂ ਹੋਏ। ਜ਼ਰੂਰਤ ਹੈ ਕਿ ਕੋਈ ਸੰਸਥਾ ਕੇਸਰੀ ਜੀ ਦੀਆਂ ਸਾਰੀਆਂ ਰਚਨਾਵਾਂ ਨੂੰ ਛਾਪਣ ਲਈ ਅੱਗੇ ਆਵੇ, ਵਰਨਾ ਸਰਸਾ ਨਦੀ ਤਾਂ ਸਦਾ ਵਗਦੀ ਹੀ ਰਹਿੰਦੀ ਹੈ।

ਕੇਸਰੀ ਹੁਰਾਂ ਦਾ ਪਰਿਵਾਰ

ਕੇਸਰੀ ਹੁਰਾਂ ਦੀ ਔਲਾਦ ਇੱਕ ਧੀ ਸੁਖਵੰਤ ਕੌਰ ਅਤੇ ਦੋ ਪੁੱਤਰ ਹਰਬਖ਼ਸ਼ ਸਿੰਘ ਅਤੇ ਜਸਵੰਤ ਸਿੰਘ ਹੋਏ। ਅੱਗੋਂ ਸੁਖਵੰਤ ਕੌਰ ਦੇ ਦੋ ਪੁੱਤਰ ਡਾ. ਗੁਰਪਾਲ ਸਿੰਘ ਤੇ ਆਰ.ਐਸ. ਗਿੱਲ, ਹਰਬਖ਼ਸ਼ ਸਿੰਘ ਦੇ ਇੱਕ ਪੁੱਤਰ ਅਤੇ ਤਿੰਨ ਧੀਆਂ ਅਤੇ ਜਸਵੰਤ ਸਿੰਘ ਦੇ ਤਿੰਨ ਪੁੱਤਰ ਰਘਬੀਰ ਸਿੰਘ ਧਨੋਆ (ਸਵਰਗੀ), ਰੁਪਿੰਦਰ ਸਿੰਘ ਧਨੋਆ, ਸੁਖਮਿੰਦਰ ਸਿੰਘ ਧਨੋਆ ਅਤੇ ਇੱਕ ਧੀ ਕਮਲਜੀਤ ਕੌਰ ਹਨ।

ਕੇਸਰੀ ਜੀ ਦੇ ਪੋਤਰੇ ਰੁਪਿੰਦਰ ਸਿੰਘ ਅਨੁਸਾਰ ਕੇਸਰੀ ਜੀ ਦਾ ਦੇਹਾਂਤ 10 ਦਸੰਬਰ, 1958 ਵਿੱਚ ਹੋਇਆ। ਸ੍ਰੀ ਰੁਪਿੰਦਰ ਸਿੰਘ ਧਨੋਆ ਨੇ ਮੈਨੂੰ ਸ੍ਰੀ ਕੇਸਰੀ ਜੀ ਦੀਆਂ ਲਿਖਤਾਂ ਉਪਲਬਧ ਕਰਾਈਆਂ। ਪੁਸਤਕ 'ਸੰਖਿਆ ਕੋਸ਼' ਦੀ ਜਾਣ-ਪਛਾਣ ਲਿਖਣ ਵਾਲੇ ਪ੍ਰਿੰ. ਅਜਮੇਰ ਸਿੰਘ ਅਨੁਸਾਰ ਕੇਸਰੀ ਜੀ ਦਾ ਦੇਹਾਂਤ 12 ਮਾਰਚ, 1958 ਨੂੰ ਹੋਇਆ। ਸ੍ਰੀ ਕੇਸਰੀ ਜੀ ਦੇ ਦੋਹਤਰੇ ਸ. ਰਣਜੋਧ ਸਿੰਘ ਗਿੱਲ (ਲਾਂਡਰਾਂ) ਵੱਲੋਂ ਪੁਆਧੀ ਪੰਜਾਬੀ ਸੱਥ ਮੁਹਾਲੀ ਦੇ ਸਹਿਯੋਗ ਨਾਲ ਸ. ਗੁਰਬਖ਼ਸ਼ ਸਿੰਘ ਕੇਸਰੀ ਯਾਦਗਾਰੀ ਪੁਰਸਕਾਰ 2006 ਤੋਂ ਪ੍ਰਾਰੰਭ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਆਪਦੇ ਪੁਰਖਿਆਂ ਦੀ ਕੀਰਤੀ ਦਾ ਜਸ ਖੱਟਣ ਲਈ ਇਹ ਪਿਰਤ ਉਸਾਰੂ ਸੋਚ ਦਾ ਪ੍ਰਮਾਣ ਹੈ।

**ਡਾ. ਕਰਨੈਲ ਸਿੰਘ ਸੋਮਲ**
ਮੋ: 98141-57137

# ਲੋਕ-ਹਿਤਕਾਰੀ, ਨਿੱਮਰ ਸੁਭਾਅ ਤੇ ਬੁਲੰਦ ਆਵਾਜ਼
## ਢਾਡੀ ਪ੍ਰੀਤਮ ਸਿੰਘ (ਕਲੌੜ)



ਮੇਰੇ ਪਰਮ ਸਤਿਕਾਰਯੋਗ ਵੱਡੇ ਭਰਾ ਸ. ਪ੍ਰੀਤਮ ਸਿੰਘ ਢਾਡੀ ਅਣਥੱਕ ਸਮਾਜ ਸੇਵੀ ਤੇ ਸਰਬ-ਧਰਮ ਕਲਿਆਣ ਦੇ ਹਾਮੀ ਰਹੇ ਹਨ। ਉਨ੍ਹਾਂ ਦੀ ਲੋਕ -ਹਿਤਕਾਰੀ ਸੋਚ, ਨਿਮਰਤਾ ਤੇ ਬੁਲੰਦ ਆਵਾਜ਼ ਉਨ੍ਹਾਂ ਦੇ ਸ਼ੋਭਨੀਕ ਗਹਿਣੇ ਸਨ। ਗੁਰਮਤਿ ਨਾਲ ਪਿਆਰ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਦਾਦਾ ਗਿਆਨੀ ਮੰਗਲ ਸਿੰਘ ਤੋਂ ਮਿਲੀ ਜੋ ਕਿ ਇਲਾਕੇ ਵਿੱਚ ਗ੍ਰੰਥੀ ਸਿੰਘ ਸਨ। ਗੁਰਮਤਿ ਦੇ ਹਰ ਤਬਕੇ ਦੇ ਪ੍ਰੋਗਰਾਮਾਂ ਵਿੱਚ ਉਹ ਤਨੋਂ, ਮਨੋਂ ਤੇ ਧਨੋਂ ਵੱਧ ਚੜ੍ਹਕੇ ਹਿੱਸਾ ਲੈਂਦੇ ਅਤੇ ਹਰ ਉਮਰ ਤੇ ਹਰ ਸੁਭਾਅ ਦੇ ਸੱਜਣਾਂ ਨੂੰ ਟੀਮ ਸਪਿਰਟ ਵਿਚ ਨਾਲ ਲੈ ਕੇ ਚੱਲਦੇ ਸਨ।

ਆਪ ਜੀ ਦਾ ਜਨਮ ਸਿੰਘ ਸਭਾ ਲਹਿਰ ਦੇ ਮੋਢੀ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਦੇ ਜੱਦੀ ਪਿੰਡ ਕਲੌੜ (ਨੰਦ ਪੁਰ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਮਾਤਾ ਮਿਹਰ ਕੌਰ ਤੇ ਪਿਤਾ ਬਚਨ ਸਿੰਘ ਲੰਬਾ ਦੇ ਗ੍ਰਹਿ 23 ਅਪ੍ਰੈਲ, 1935 ਨੂੰ ਹੋਇਆ। ਮਿਡਲ ਦੀ ਪੜ੍ਹਾਈ ਪਿੰਡ ਤੋਂ ਅਤੇ ਦਸਵੀਂ ਨੇੜਲੇ ਪਿੰਡ ਗੜਾਂਗਾਂ ਤੋਂ ਪਾਸ ਕੀਤੀ। ਇਸੇ ਸਕੂਲ ਵਿੱਚ ਹੀ ਉਨ੍ਹਾਂ ਦਾ ਮੇਲ ਸ਼੍ਰੋਮਣੀ ਢਾਡੀ ਜਸਵੰਤ ਸਿੰਘ ਤਾਨ ਨਾਲ ਹੋਇਆ, ਜੋ ਕਿ ਆਪ ਜੀ ਤੋਂ ਇੱਕ ਜਮਾਤ ਅੱਗੇ ਸਨ।

ਇਹ ਬੜੀ ਹੀ ਰੋਚਕ ਗੱਲ ਹੈ ਕਿ ਆਪ ਜੀ ਨੂੰ ਢਾਡੀ ਦਾ ਖ਼ਿਤਾਬ ਤੀਖਣ ਬੁੱਧੀ ਤੇ ਬੁਲੰਦ ਆਵਾਜ਼ ਸਦਕਾ, ਸਰਕਾਰੀ ਹਾਈ ਸਕੂਲ, ਗੜਾਂਗਾਂ ਵਿਖੇ ਹੀ ਮਿਲਿਆ। ਇਤਿਹਾਸ ਦੇ ਅਧਿਆਪਕ ਸ. ਲਛਮਣ ਸਿੰਘ ਕਿਸੇ ਮੌਕੇ ਇੱਕ ਸ਼ੇਅਰ ਅਰਜ਼ ਕਰ ਰਹੇ ਸਨ, ਉਨ੍ਹਾਂ ਨੇ ਹਾਲਾਂ ਇੱਕ ਸਤਰ ਹੀ ਬੋਲੀ ਸੀ ਕਿ ਕੋਲ ਖੜਿਆਂ ਸ. ਪ੍ਰੀਤਮ ਸਿੰਘ ਨੇ ਦੂਜੀ ਸਤਰ ਬੋਲ ਕੇ ਸ਼ੇਅਰ ਪੂਰਾ ਕਰ ਦਿੱਤਾ। ਅਧਿਆਪਕ ਸਾਹਿਬਾਨ ਬੋਲ ਉਠੇ, ਉਏ ਤੂੰ ਤਾਂ ਕੋਈ ਢਾਡੀ ਏਂ ! ਤੇ ਸ਼ਾਬਾਸ਼ ਦਿੱਤੀ। ਬੱਸ ਉਦੋਂ ਤੋਂ ਹੀ 'ਢਾਡੀ' ਆਪ ਦਾ ਤਖੱਲਸ ਬਣ ਗਿਆ, ਹਾਲਾਂਕਿ ਆਪ ਸੰਨ 1967 ਵਿੱਚ ਜਥੇਦਾਰ ਮਹਿੰਦਰ ਸਿੰਘ ਸੱਗੂ, ਮੋਹਨ ਸਿੰਘ ਸਾਰੰਗੀ ਮਾਸਟਰ ਤੇ ਹਰੀ ਸਿੰਘ ਢਾਡੀ ਦੇ ਜੱਥੇ ਦੇ ਮੈਂਬਰ ਬਣਨ ਨਾਲ ਅਸਲ ਰੂਪ ਵਿੱਚ ਢਾਡੀ ਪ੍ਰਚਾਰਕ ਬਣੇ। ਆਪ ਜੀ ਢਾਡੀ ਵਾਰਾਂ, ਧਾਰਮਿਕ ਤੇ ਸਮਾਜਿਕ ਕਵਿਤਾਵਾਂ ਲਿਖਣ ਵਿੱਚ ਵੀ ਰੁਚੀ ਰੱਖਦੇ ਸਨ।

ਮਿਉਂਸਪਲ ਕਮੇਟੀ, ਕਾਲਕਾ ਵਿੱਚ ਕੁੱਝ ਸਮਾਂ ਚੁੰਗੀ ਕਲਰਕ ਦੀ ਨੌਕਰੀ ਕਰਨ ਉਪਰੰਤ, ਆਪ ਉਥੇ ਹੀ ਉਤਰੀ ਰੇਲਵੇ ਵਿੱਚ ਭਰਤੀ ਹੋ ਗਏ। ਇਸੇ ਦੌਰਾਨ ਆਪਜੀ ਦਾ ਗ੍ਰਹਿਸਤੀ ਜੀਵਨ ਠੇਕੇਦਾਰ ਗੁਰਦਿਆਲ ਸਿੰਘ, ਰਸਨਹੇੜੀ (ਖਰੜ) ਦੀ ਸਪੁੱਤਰੀ ਬੀਬੀ ਗੁਰਚਰਨ ਕੌਰ ਨਾਲ ਸੰਨ 1957 ਵਿੱਚ ਹੋਇਆ। ਸੰਨ 1967 ਵਿੱਚ ਆਪ ਟਰਾਂਸਫਰ ਹੋਕੇ ਜਗਾਧਰੀ ਰੇਲਵੇ ਵਰਕਸ਼ਾਪ ਚਲੇ ਗਏ ਅਤੇ ਇੱਥੇ ਹੀ ਸੈਟਲ ਹੋ ਗਏ। ਆਪ ਸੰਨ 1993 ਵਿੱਚ ਜਗਾਧਰੀ ਰੇਲਵੇ ਵਰਕਸ਼ਾਪ ਤੋਂ ਬਤੌਰ ਜੇ.ਈ. ਰਿਟਾਇਰ ਹੋਏ। ਆਪ ਜੀ ਦੇ ਦੋ ਪੁਤੱਰ ਤੇ ਚਾਰ ਧੀਆਂ ਪੜ੍ਹ ਲਿਖਕੇ ਵੱਖੋ-ਵੱਖ ਖੇਤਰਾਂ ਵਿੱਚ ਨਾਮਣਾ ਖੱਟ ਰਹੇ ਹਨ।

ਸ. ਪ੍ਰੀਤਮ ਸਿੰਘ ਢਾਡੀ ਆਪਣੇ ਜੀਵਨ ਦੌਰਾਨ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਰਹੇ। ਆਪ ਜੀ ਦੀਆਂ ਨਿਸ਼ਕਾਮ ਤੇ ਲਾਹੇਵੰਦ ਸੇਵਾਵਾਂ ਨੂੰ ਮੁੱਖ ਰੱਖਦਿਆਂ ਆਪ ਜੀ ਨੂੰ 'ਫ਼ਖ਼ਰ-ਏ-ਕੌਮ ਗਿਆਨੀ ਦਿੱਤ ਸਿੰਘ ਅਵਾਰਡ 2017 ਨਾਲ ਸਨਮਾਨਿਤ ਕੀਤਾ ਗਿਆ।

ਆਪ 02 ਦਸੰਬਰ, 2017 ਨੂੰ ਗੁਰਪੁਰੀ ਸਿਧਾਰ ਗਏ। ਆਪਣੇ ਭਰਾ ਦੀ ਯਾਦ ਵਿੱਚ ਸਾਡਾ ਪਰਿਵਾਰ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਢਾਡੀ ਪੁਰਸਕਾਰ 2019 ਪ੍ਰਾਰੰਭ ਕਰਕੇ ਖੁਸ਼ੀ ਲੈ ਰਿਹਾ ਹੈ।

ਜਸਪਾਲ ਸਿੰਘ ਕੰਵਲ
ਚੀਫ਼ ਬੈਂਕ ਮੈਨੇਜਰ (ਰਿਟਾ.)

# ਭੌਤਿਕ ਵਿਗਿਆਨ ਦਾ ਮਾਹਿਰ ਤੇ ਸਚਾਰੂ ਦ੍ਰਿਸ਼ਟੀ ਦਾ ਪੁਆਧੀ

## ਸ. ਰਘਬੀਰ ਸਿੰਘ ਬੈਦਵਾਨ (ਮਟੌਰ)



ਐਸ.ਏ.ਐਸ ਨਗਰ, ਮੋਹਾਲੀ ਜ਼ਿਲ੍ਹੇ ਦੇ ਪਿੰਡ ਮਟੌਰ ਦੇ ਵਾਸੀ ਸ. ਰਘਬੀਰ ਸਿੰਘ ਦਾ ਜਨਮ ਅੰਗਰੇਜ਼ ਸੈਨਾ 'ਚ ਭਰਤੀ ਪਿਤਾ ਸ੍ਰੀ ਗੁਰਚਰਨ ਸਿੰਘ ਤੇ ਮਾਤਾ ਸ੍ਰੀਮਤੀ ਬਲਵੰਤ ਕੌਰ ਦੀ ਕੁੱਖੋਂ ਬਰਮਾ ਦੇ ਸ਼ਹਿਰ ਟੌਂਜ਼ੀ ਵਿਖੇ 15 ਮਈ, 1940 ਨੂੰ ਹੋਇਆ। ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਪਰਿਵਾਰ ਆਪਣੇ ਜੱਦੀ ਪਿੰਡ ਮਟੌਰ ਆ ਵਸਿਆ। ਇਕਹਿਰੇ ਸਰੀਰ ਦੇ ਬਾਲਕ ਰਘਬੀਰ ਸਿੰਘ ਨੇ ਮੈਟ੍ਰਿਕ ਪ੍ਰੀਖਿਆ ਖਾਲਸਾ ਹਾਈ ਸਕੂਲ ਸੋਹਾਣਾ (ਲੰਬਿਆਂ) ਤੋਂ ਅੱਵਲ ਦਰਜੇ 'ਚ 1956 'ਚ ਕੀਤੀ। ਆਪ ਸ਼ੁਰੂ ਤੋਂ ਹੀ ਪੜ੍ਹਾਈ 'ਚ ਤੀਖਣ ਤੇ ਮਿਹਨਤੀ ਸਨ। ਸਰਕਾਰੀ ਕਾਲਜ ਚੰਡੀਗੜ੍ਹ ਤੋਂ ਐਫ਼.ਐਸ.ਸੀ ਤੇ ਬੀ.ਐਸ.ਸੀ (ਆਨਰਜ਼ ਭੌਤਿਕ ਵਿਗਿਆਨ ) ਚੰਗੇ ਅੰਕ ਲੈ ਕੇ 1960 'ਚ ਡਿਗਰੀ ਪ੍ਰਾਪਤ ਕੀਤੀ। ਸਰਕਾਰੀ ਸਟੇਟ ਕਾਲਜ ਪਟਿਆਲਾ ਤੋਂ ਅੱਵਲ ਦਰਜੇ 'ਚ ਬੀ.ਐੱਡ. ਦੀ ਟ੍ਰੇਨਿੰਗ 1961 'ਚ ਪਾਸ ਕੀਤੀ। ਇਸ ਤੋਂ ਬਾਅਦ ਭੌਤਿਕ ਵਿਗਿਆਨ 'ਚ (ਵਿਸ਼ੇਸ਼ ਤੌਰ 'ਤੇ) 1963-64 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਇਸ ਵਿਸ਼ੇ ਦਾ ਐਡਵਾਂਸ ਕੋਰਸ, ਏ ਗਰੇਡ ਅਧੀਨ ਪਾਸ ਕੀਤਾ।

ਅਧਿਆਪਨ ਕਿੱਤੇ ਦਾ ਅਰੰਭ ਸ. ਰਘਬੀਰ ਸਿੰਘ ਨੇ ਖਾਲਸਾ ਹਾਈ ਸਕੂਲ ਸੋਹਾਣਾ ਤੋਂ ਸਾਇੰਸ ਅਧਿਆਪਕ ਵੱਜੋਂ ਸ਼ੁਰੂ ਕੀਤਾ। ਕੁਝ ਸਾਲਾਂ ਪਿੱਛੋਂ ਆਪ ਦੀ ਨਿਯੁਕਤੀ ਸਾਇੰਸ ਮਾਸਟਰ ਵੱਜੋਂ ਸ਼ਿਮਲਾ ਦੇ ਸ਼ਹਿਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਬਾਥੂ ਵਿਖੇ ਹੋਈ। ਇੱਥੋਂ ਤਿੰਨ ਸਾਲਾਂ ਪਿੱਛੋਂ ਚੰਡੀਗੜ੍ਹ ਵਿਖੇ ਲਗਭਗ ਚਾਰ ਸਾਲ ਪੂਰੇ ਜੋਸ਼ ਨਾਲ ਪੜ੍ਹਾਇਆ। ਆਪ ਨੇ ਨੌਕਰੀ ਦੌਰਾਨ ਐਮ.ਐਸ.ਸੀ. ਭੌਤਿਕ ਵਿਗਿਆਨ ਅਤੇ ਐਮ.ਐੱਡ. ਡਿਗਰੀਆਂ ਕਰਕੇ ਸਿੱਖਿਆ ਵਿਭਾਗ 'ਚ ਚੰਗੀ ਪੈਂਠ ਬਣਾਈ।

ਬਤੌਰ ਲੈਕਚਰਾਰ ਪ੍ਰੋਮੋਸ਼ਨ ਹੋਣ ਕਾਰਨ, ਆਪ ਦੀ ਨਿਯੁਕਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਸੀ ਪਠਾਣਾ (ਜ਼ਿਲ੍ਹਾ ਫਤਹਿਗੜ੍ਹ) ਹੋ ਗਈ ਜਿੱਥੇ ਆਪ ਨੇ ਲਗਪਗ ਦਸ ਸਾਲ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ਾ ਪੜ੍ਹਾ ਕੇ ਸ਼ੋਭਾ ਖੱਟੀ। ਪਿੰਡ ਮਟੌਰ ਤੋਂ ਹਰ ਰੋਜ਼ ਆਉਣਾ ਜਾਣਾ ਰਿਹਾ। ਇਸ ਦੌਰਾਨ ਆਪ ਦੀ ਯੋਗਤਾ ਨੂੰ ਮੁੱਖ ਰੱਖਦਿਆਂ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਭੌਤਿਕ ਵਿਗਿਆਨ ਦੇ ਵਿਸ਼ਾ ਮਾਹਿਰ ਵੱਜੋਂ ਡੈਪੂਟੇਸ਼ਨ 'ਤੇ ਨਿਯੁਕਤ ਕੀਤਾ। ਇਥੇ ਵਿਗਿਆਨ ਵਿਸ਼ੇ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਵਿੱਚ ਆਪ ਨੇ ਬੜੇ ਸਿਰੜ ਤੇ ਸਚਾਰੂ ਢੰਗ ਨਾਲ ਸੇਵਾਵਾਂ ਨਿਭਾਈਆਂ। ਆਪ ਦੀ ਇੱਛਾ ਹੁੰਦੀ ਸੀ ਕਿ ਪੇਂਡੂ ਵਿਦਿਆਰਥੀ ਵਿਗਿਆਨ ਦੇ ਵਿਸ਼ਿਆਂ ਵਿੱਚ ਦਿਲਚਸਪੀ ਲੈਣ ਤੇ ਵਿਗਿਆਨਕ ਦ੍ਰਿਸ਼ਟੀ ਗ੍ਰਹਿਣ ਕਰਨ। ਲਗਪਗ 19 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਕਰਕੇ ਆਪ ਮਈ,1998 ਵਿੱਚ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਬਾਅਦ ਆਪ ਨੇ ਲੋੜਵੰਦ ਬੱਚਿਆਂ ਨੂੰ ਮੁਫ਼ਤ ਪੜ੍ਹਾਉਣ ਦੀ ਯੋਜਨਾ ਬਣਾਈ। ਇਸੇ ਪਰ ਉਪਕਾਰੀ ਕਾਰਜ ਕਾਰਨ, ਆਪ ਨੂੰ ਸਾਰੇ 'ਮਾਸਟਰ ਜੀ' ਕਹਿ ਕੇ ਸਤਿਕਾਰ ਦੇਂਦੇ ਸਨ। ਪਿੰਡ ਵਾਸੀਆਂ ਤੇ ਆਪਣੇ ਭਾਈਚਾਰੇ ਨਾਲ ਦੁਖ-ਸੁਖ ਦੀ ਸਾਂਝ ਬਣਾਈ ਰੱਖਣਾ, ਆਪ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਗੁਣ ਸੀ। ਆਪ ਦੀ ਸਾਦਗੀ, ਇਮਾਨਦਾਰੀ, ਸੁਹਿਰਦਤਾ ਤੇ

ਮਿਹਨਤ ਕਰਨ ਦੀ ਆਦਤ ਇੱਕ ਆਦਰਸ਼ਕ ਇਨਸਾਨ ਵਾਲੀ ਸੀ। ਸਿੱਖਿਆ ਦੇਣੀ ਤੇ ਹੱਥੀਂ ਕਿਸਾਨੀ ਕੰਮ ਕਰਨਾ, ਆਪ ਦੇ ਸੁਭਾਅ ਦਾ ਇਕ ਹੋਰ ਗੁਣ ਕਿਹਾ ਜਾ ਸਕਦਾ ਹੈ। ਇਹੋ ਕਾਰਨ ਸੀ ਕਿ ਆਪ ਨੇ ਦੋ ਏਕੜ ਮਾਰੂ ਜ਼ਮੀਨ 'ਚ ਅਮਰੂਦਾਂ ਦਾ ਸ਼ਾਨਦਾਰ ਬਾਗ ਵੀ ਲਗਵਾਇਆ।

ਵਿਗਿਆਨ ਵਿਸ਼ੇ ਨਾਲ ਗੂੜ੍ਹਤਾ ਹੋਣ ਦੇ ਨਾਲ-ਨਾਲ ਆਪ ਨੂੰ ਪੰਜਾਬੀ ਮਾਂ-ਬੋਲੀ ਨਾਲ ਵੀ ਪੂਰਾ ਲਗਾਓ ਸੀ। ਇਸੇ ਕਾਰਨ ਆਪ ਦੀ ਮਿੱਤਰ-ਟੋਲੀ ਵਿੱਚ ਜੋਗਾ ਸਿੰਘ (ਸ਼ਾਇਰ), ਡਾ. ਕਰਨੈਲ ਸਿੰਘ ਸੋਮਲ (ਸਾਹਿਤਕਾਰ), ਡਾ. ਸਰਬਜੀਤ ਸਿੰਘ ਬੇਦੀ (ਸੰਪਾਦਕ ਬਾਲ ਰਸਾਲੇ) ਮਨਮੋਹਨ ਸਿੰਘ ਦਾਊਂ (ਸ਼੍ਰੋਮਣੀ ਸਾਹਿਤਕਾਰ) ,ਕੁਲਦੀਪ ਸਿੰਘ, ਸੁਖਦੇਵ ਮਾਦਪੁਰੀ ਆਦਿ ਆਪ ਦੇ ਮਿੱਤਰ ਬਣੇ ਰਹੇ। ਆਪ ਜ਼ਿੰਦਾਦਿਲ, ਮਿੱਤਰਾਂ ਦੇ ਮਿੱਤਰ ਤੇ ਦੂਜਿਆਂ ਦੇ ਹਿਤੈਸ਼ੀ ਪੁਆਧੀ ਸਨ। ਆਪ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੀਆਂ ਸਮੇਂ-ਸਮੇਂ ਹੁੰਦੀਆਂ ਵਿੱਦਿਅਕ ਸਝਾਊ ਮੀਟਿੰਗਾਂ ਵਿੱਚ ਵੀ ਸ਼ਿਰਕਤ ਕਰਦੇ ਰਹੇ। ਆਪ ਨੂੰ ਕਈ ਅਦਾਰਿਆਂ ਵੱਲੋਂ ਮਾਣ-ਸਨਮਾਨ ਵੀ ਮਿਲੇ ਪਰੰਤੂ ਆਪ ਨੇ ਨਿਰਮਾਣਤਾ ਪੱਲੇ ਰੱਖੀ। ਲੰਮੀ ਬਿਮਾਰੀ ਦਾ ਸਾਹਮਣਾ ਕਰਦੇ ਹੋਏ, ਆਪ 29 ਸਤੰਬਰ, 2011 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਜਗਦੀਪ ਸਿੰਘ ਬੈਦਵਾਨ
ਪਿੰਡ ਮਟੌਰ
ਮੋ: 9780101133

**ਪੁਆਧੀ ਪੰਜਾਬੀ ਸੱਥ ਨੂੰ ਸਾਲਾਨਾ ਸਮਾਰੋਹ ਦੀਆਂ ਸ਼ੁਭ-ਇਛਾਵਾਂ !!**

Malkiat Singh Khatra — Phone: 99152-00035
Surinder Singh Bassi — 99150-00094

**K.B. TRADERS**

Manufacturers of : PAVERS, TILES, CHANNELS

MORINDA ROAD, KHANPUR, KHARAR, DISTT. MOHALI

# ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ

## (ਚੰਡੀਗੜ੍ਹ ਤੋਂ ਉਜਾੜੇ ਗਏ ਪਿੰਡਾਂ ਦੀ ਲੋਕ-ਆਵਾਜ਼)



ਚੰਡੀਗੜ੍ਹ ਵਸਾਉਣ ਲਈ ਪੁਆਧ ਦੇ 50 ਪਿੰਡਾਂ ਦੀਆਂ ਜ਼ਮੀਨਾਂ ਕਾਬਜ਼ ਕਰਕੇ ਪਿੰਡਾਂ ਨੂੰ ਉਜਾੜਿਆ ਗਿਆ। ਇਹ ਸਮਾਂ ਭਾਰਤ ਦੀ ਆਜ਼ਾਦੀ 1947 ਤੋਂ ਬਾਅਦ ਪੰਜਾਬ ਦੇ ਬਟਵਾਰੇ ਦਾ ਸੀ। ਪਾਕਿਸਤਾਨ (ਲਹਿੰਦਾ ਪੰਜਾਬ) ਬਣ ਗਿਆ ਤੇ ਚੜ੍ਹਦੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲ਼ਈ ਪਿੰਡਾਂ ਦੇ ਉਜਾੜਿਆਂ ਦਾ ਪ੍ਰਤੀਕਰਮ 1950 ਤੋਂ ਪ੍ਰਾਰੰਭ ਹੋਇਆ। ਪਹਿਲਾ ਉਠਾਲਾ 1950 'ਚ ਹੋਇਆ ਤੇ 17 ਪਿੰਡਾਂ ਨੂੰ ਢਹਿ-ਢੇਰੀ ਕੀਤਾ ਗਿਆ। ਦੂਜਾ ਉਠਾਲਾ 1960-1975 'ਚ ਚੱਲਿਆ, ਜਿਸ ਦੇ ਤਹਿਤ 11 ਪਿੰਡ ਢਹਿ-ਢੇਰੀ ਕੀਤੇ ਗਏ। ਇਸ ਤੋਂ ਬਾਅਦ 22 ਪਿੰਡਾਂ ਦੀ ਵਾਰੀ ਆਈ ਜਿਨ੍ਹਾਂ ਨੂੰ ਉਜਾੜਨ ਤੇ ਢਹਿ-ਢੇਰੀ ਕਰਨ ਤੋਂ ਬਚਾਉਣ ਲਈ ਜਿਸ ਯੋਧੇ ਨੇ ਨਿਧੜਕ ਤੇ ਗਰਜ਼ਵੀਂ ਆਵਾਜ਼ ਬੁਲੰਦ ਕਰਕੇ 22 ਪਿੰਡਾਂ ਨੂੰ ਢਹਿ-ਢੇਰੀ ਹੋਣ ਤੋਂ ਬਚਾਇਆ, ਉਸ ਜੱਥੇਦਾਰ ਦਾ ਨਾਮ ਅੰਗਰੇਜ਼ ਸਿੰਘ ਪਿੰਡ ਬਡਹੇੜੀ ਵਾਲਾ ਹੈ। ਭਾਵੇਂ ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਤਾਂ ਅਕਵਾਇਰ ਕਰ ਲਈਆਂ ਪ੍ਰੰਤੂ ਬਣਦੇ ਹੱਕਾਂ ਲਈ ਜੂਝਣ ਲਈ ਸ. ਅੰਗਰੇਜ਼ ਸਿੰਘ ਨੇ 'ਪਿੰਡ ਬਚਾਓ ਕਮੇਟੀ' ਸੰਗਠਿਤ ਕਰ ਕੇ ਪਿੰਡਾਂ ਦੀ ਧੜਕਣ ਬਣਨ ਦਾ ਮਾਣ ਪ੍ਰਾਪਤ ਕੀਤਾ। ਇਸ ਅੰਦੋਲਨ ਵਿੱਚ ਉਨ੍ਹਾਂ ਨਾਲ ਪਿੰਡਾਂ ਦੇ ਲੋਕਾਂ ਨੇ ਪੂਰਾ ਸਾਥ ਦਿੱਤਾ। ਉਨ੍ਹਾਂ 22 ਪਿੰਡਾਂ ਨੂੰ ਕੇਂਦਰ ਸਰਕਾਰ ਨੇ ਯੂਨੀਅਨ ਟੈਰੇਟਰੀ (ਯੂ.ਟੀ.) ਚੰਡੀਗੜ੍ਹ ਦਾ ਦਰਜਾ ਦਿੱਤਾ।

ਆਪਣੀ ਮਿੱਟੀ ਤੇ ਇਲਾਕੇ ਨਾਲ ਮੋਹ ਰੱਖਣ ਵਾਲੇ ਅੰਗਰੇਜ਼ ਸਿੰਘ ਦਾ ਜਨਮ ਪਿਤਾ ਮੇਜਰ ਗੱਜਣ ਸਿੰਘ ਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਪਿੰਡ ਬਡਹੇੜੀ (ਯੂ.ਟੀ.) ਵਿਖੇ 5 ਮਈ, 1933 ਨੂੰ ਹੋਇਆ। ਮੈਟ੍ਰਿਕ ਦੀ ਪ੍ਰੀਖਿਆ ਖਾਲਸਾ ਹਾਈ ਸਕੂਲ ਲੰਬਿਆ-ਸੋਹਾਣਾ (ਉਦੋਂ ਜ਼ਿਲ੍ਹਾ ਅੰਬਾਲਾ) ਤੋਂ ਕੀਤੀ। ਸ਼ੁਰੂ ਤੋਂ ਹੀ ਅੰਗਰੇਜ਼ ਸਿੰਘ ਦਿਮਾਗੀ ਤੌਰ ਤੇ ਬਹੁਤ ਤਿੱਖਾ ਸੀ। ਜੁਆਨੀ ਦਾ ਜੋਸ਼ੀਲਾ ਤੇ ਲੀਡਰੀ ਵਾਲਾ ਸੁਭਾਅ ਸੀ। ਇਸ ਇਲਾਕੇ ਵਿੱਚ ਬਾਲਾ ਪਰਿਵਾਰ ਵੱਲੋਂ ਚਲਾਈ ਬੱਸ-ਟ੍ਰਾਂਸਪੋਰਟ ਬੜੀ ਮਸ਼ਹੂਰ ਸੀ, ਜਿਸ ਨੂੰ 'ਅੰਬਾਲਾ ਬੱਸ ਸਿੰਡੀਕੇਟ ਰੋਪੜ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਸ ਕੰਪਨੀ 'ਚ ਨੌਕਰੀ ਕਰਨੀ ਮਾਣ ਵਾਲੀ ਗੱਲ ਸੀ। ਮੌਕਾ ਪਾ ਕੇ ਇਸ ਕੰਪਨੀ 'ਚ ਪ੍ਰਵੇਸ਼ ਕੀਤਾ ਤੇ ਅੰਗਰੇਜ਼ ਸਿੰਘ ਨੇ ਅੰਬਾਲਾ ਬੱਸ ਸਿੰਡੀਕੇਟ ਚੰਡੀਗੜ੍ਹ ਸੈਕਟਰ 17 ਵਿਖੇ ਬਤੌਰ ਅੱਡਾ ਇੰਚਾਰਜ ਜ਼ਿੰਮੇਵਾਰੀ ਸੰਭਾਲੀ, ਇਹ 1969 ਦਾ ਸਮਾਂ ਸੀ। ਇਸ ਅਹੁਦੇ 'ਤੇ ਹੁੰਦਿਆਂ ਅੰਗਰੇਜ਼ ਸਿੰਘ ਦੀ ਪੰਜਾਬ ਸਰਕਾਰ 'ਚ ਚੰਗੀ ਪਹੁੰਚ ਹੋ ਗਈ। ਪੰਜਾਬ ਦੇ ਤੱਤਕਾਲੀਨ ਮੁੱਖ-ਮੰਤਰੀ ਸ. ਗੁਰਨਾਮ ਸਿੰਘ ਦੇ ਬਹੁਤ ਨੇੜਲੇ ਵਿਅਕਤੀਆਂ 'ਚੋਂ ਅੰਗਰੇਜ਼ ਸਿੰਘ ਦਾ ਪੂਰਾ ਬੋਲ-ਬਾਲਾ ਰਿਹਾ।

ਪਿੰਡ ਬਚਾਓ ਕਮੇਟੀ ਦੇ ਮੁਖੀ ਹੁੰਦਿਆ ਅੰਗਰੇਜ਼ ਸਿੰਘ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਜੱਦੋ-ਜਹਿਦ ਦੌਰਾਨ ਆਪ ਦਾ ਸਰੀਰ ਵੀ ਅਪੰਗ ਹੋ ਗਿਆ, ਪਰ ਉਨ੍ਹਾਂ ਦੇ ਸਿਰੜੀ ਇਰਾਦੇ ਨੂੰ ਇਹ ਰੋਗ ਭੋਰਾ ਭਰ ਵੀ ਨਾ ਡੁਲਾ ਸਕਿਆ। ਉਹ ਪਿੰਡਾਂ ਦੇ ਲੋਕਾਂ ਨਾਲ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਧੱਕੇ ਵਿਰੁੱਧ ਹਰੇਕ ਪਲ ਗਰਜ ਕੇ ਅੱਗੇ ਆਉਂਦਾ ਤੇ ਆਪਣੀ ਹੀ ਧਰਤੀ 'ਤੇ ਰਫ਼ਿਊਜੀ ਬਣੇ ਬੈਠੇ ਪੰਜਾਬੀਆਂ ਨੂੰ ਜਾਗਦੇ ਰਹਿਣ ਦਾ ਹੋਕਾ ਦੇਂਦਾ। ਪਿੰਡਾਂ ਦੇ ਲੋਕਾਂ ਲਈ ਚਟਾਨ ਬਣ ਕੇ ਖੜ੍ਹੀ ਇਸ ਕਰਮਯੋਗੀ ਸ਼ਖ਼ਸੀਅਤ ਨੇ ਜੱਦੀ ਲੋਕਾਂ ਦੀ ਝੋਲੀ ਕਈ ਪ੍ਰਾਪਤੀਆਂ ਪਾਈਆਂ ਹਨ। ਗਿਆਰਾਂ ਪਿੰਡਾਂ ਦੇ 5000 ਪਰਿਵਾਰਾਂ ਨੂੰ ਮੁੜ ਵਸੇਬੇ ਲਈ ਖੂੰਡੀ ਸਹਾਰੇ ਹਾਕਮਾਂ/ਅਧਿਕਾਰੀਆਂ ਦੇ ਦਰ ਜਾ ਕੇ ਦਲੀਲਾਂ ਰਾਹੀਂ ਅਧਿਕਾਰੀਆਂ ਨੂੰ ਲਾਜਵਾਬ ਕਰ ਦਿੰਦਾ ਸੀ, ਅਤੇ ਪਿੰਡਾਂ ਦੀਆਂ ਗਲੀਆਂ ਤੇ ਸੱਥਾਂ 'ਤੇ ਜਾ ਕੇ ਹਾਕਮਾਂ ਵਿਰੁੱਧ ਗਰਜਵੀਂ ਆਵਾਜ਼ ਉਠਾਉਂਦਾ ਰਿਹਾ। ਆਪਣੀ ਉਮਰ ਦੇ ਲਗਭਗ 36 ਸਾਲ ਪਿੰਡਾਂ ਦੇ ਲੋਕਾਂ ਦੀ ਭਲਾਈ ਤੇ ਰਸਾਈ ਲਈ ਲੇਖੇ ਲਾ ਕੇ ਵੀ ਇਹ ਬਾਬਾ ਬੋਹੜ ਨਾ ਅੱਕਿਆ ਨਾ ਥੱਕਿਆ। ਪਹਿਲੇ ਉਜਾੜੇ ਗਏ 17 ਪਿੰਡਾਂ ਦੀਆਂ ਪਿਛਲੇ 500 ਸਾਲਾਂ ਤੋਂ ਵੱਧ ਬਣੀਆਂ ਮੜੀਆਂ, ਚਰਾਂਦਾਂ, ਟੋਭਿਆਂ, ਧਾਰਮਿਕ ਸਥਾਨਾਂ ਅਤੇ ਸ਼ਾਮਲਾਤ ਜ਼ਮੀਨਾਂ ਦਾ ਮੁਆਵਜ਼ਾ ਨਾ ਦੇ ਕੇ ਲੋਕਾਂ

ਦੇ ਕਰੋੜਾਂ-ਅਰਬਾਂ ਰੁਪਏ ਹੜੱਪ ਕਰਨ ਵਾਲੀ ਸਰਕਾਰ ਵਿਰੁੱਧ ਜਿਸ ਸ਼ਿੱਦਤ ਨਾਲ ਅੰਗਰੇਜ਼ ਸਿੰਘ ਨੇ ਪੈਰਵੀ ਕੀਤੀ, ਉਸ ਦੀ ਮਿਸਾਲ ਕਿਸੇ ਤੋਂ ਭੁੱਲੀ ਹੋਈ ਨਹੀਂ। ਇਨ੍ਹਾਂ, ਪਿੰਡਾਂ ਬਾਰੇ ਤੇ ਜ਼ਮੀਨਾਂ ਬਾਰੇ ਅੰਗਰੇਜ਼ ਸਿੰਘ ਆਪਣੇ ਅੰਦਰ ਕੰਪਿਊਟਰ ਵਾਂਗ ਜਾਣਕਾਰੀ ਸਾਂਭੀ ਬੈਠਾ ਹੁੰਦਾ ਸੀ। ਉਸ ਦਾ ਕਹਿਣਾ ਹੈ ਕਿ ਸਿਟੀ ਬਿਊਟੀਫੁਲ ਚੰਡੀਗੜ੍ਹ ਦੇ ਥੱਲੇ ਪੁਆਧ ਦੀਆਂ ਰੂਹਾਂ ਦਾ ਦਰਦ ਬੋਲ ਰਿਹਾ ਹੈ। ਭਾਰਤ ਦੇ ਰਾਸ਼ਟਰਪਤੀ ਤੋਂ ਲੈ ਕੇ ਕਾਮਨਵੈਲਥ ਲੰਡਨ ਤੱਕ ਅੰਗਰੇਜ਼ ਸਿੰਘ ਦੀ ਹੱਕ-ਸੱਚ ਦੀ ਗੂੰਜ ਉਪੜਦੀ ਰਹੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸ. ਅੰਗਰੇਜ਼ ਸਿੰਘ ਨੇ ਆਪਣੇ ਜੀਵਨ-ਕਾਲ ਵਿੱਚ ਕਿਸਾਨਾਂ ਦੇ ਹੱਕਾਂ ਲਈ ਤੇ ਉਨ੍ਹਾਂ ਦੀਆਂ ਔਕੜਾਂ ਲਈ ਸਦਾ ਤਤਪਰ ਰਹਿ ਕੇ ਸੰਘਰਸ਼ ਕੀਤਾ। ਫ਼ਸਲਾਂ ਦੀ ਉਪਜ ਦੀਆਂ ਕੀਮਤਾਂ ਨਿਸ਼ਚਿਤ ਕਰਾਉਣ ਲਈ ਭੂਮਿਕਾ ਨਿਭਾਈ। ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਦਾ ਝੋਰਾ ਉਸ ਦੇ ਹੱਡਾਂ ਨੂੰ ਖੋਰ ਦਾ ਰਿਹਾ ਹੈ। ਚੰਡੀਗੜ੍ਹ 'ਚ ਪੰਜਾਬੀ ਮਾਂ-ਬੋਲੀ ਦੀ ਹੋ ਰਹੀ ਦੁਰਦਸ਼ਾ ਬਾਰੇ, ਉਹ ਸੰਘਰਸ਼ ਕਰਦੇ ਅਦਾਰਿਆਂ ਅਤੇ ਕਮੇਟੀਆਂ 'ਚ ਸਦਾ ਆਵਾਜ਼ ਬੁਲੰਦ ਕਰਦਾ ਰਿਹਾ। ਆਪਣਿਆਂ ਨੂੰ ਉਜਾੜਨਾ ਤੇ ਓਪਰਿਆਂ ਨੂੰ ਇੱਥੇ ਵਸਾਉਣਾ, ਉਸ ਦੇ ਸੀਨੇ 'ਚ ਤੀਰ ਵੱਜਣ ਵਾਂਗ ਤੇ ਉਸ ਨੇ ਬੜੀ ਬੇਬਾਕੀ ਨਾਲ ਇਸ ਕੁਟਲ ਨੀਤੀ ਨੂੰ ਭੰਡਿਆ ਹੀ ਨਹੀਂ, ਜਿਸ ਦੇ ਨਤੀਜੇ ਵਜੋਂ ਜਿਸਮਾਨੀ ਸਜ਼ਾ ਵੀ ਭੁਗਤੀ।

ਸ. ਅੰਗਰੇਜ਼ ਸਿੰਘ ਕੋਲ ਚੰਡੀਗੜ੍ਹ ਦੀਆਂ ਕਿੰਨੀਆਂ ਹੀ ਦਰਦਨਾਕ ਘਟਨਾਵਾਂ ਚੇਤੇ ਸਨ ਜਿਨ੍ਹਾਂ ਨੂੰ ਸੁਣ ਕੇ ਦਿਲ ਕੰਬ ਜਾਂਦਾ। ਲੋਕ-ਪੀੜਾ ਦਾ ਉਹ ਕੋਸ਼ ਸੀ। ਉਸ ਨੂੰ ਦੁੱਖ ਸੀ ਕਿ ਇਸ ਪੁਆਧ ਖੇਤਰ ਦੀ ਸੰਸਕ੍ਰਿਤੀ, ਇਤਿਹਾਸ, ਸਭਿਆਚਾਰ ਅਤੇ ਵਿਰਸਾ ਅਲੋਪ ਹੁੰਦਾ ਜਾ ਰਿਹਾ ਹੈ ਜਿਸ ਨੂੰ ਸੰਭਾਲਣ ਤੇ ਸੰਗ੍ਰਹਿਣ ਦੀ ਅਤਿ ਲੋੜ ਹੈ। ਇੱਥੋਂ ਦੀ ਉਜਾੜੀ ਪੁਆਧੀ ਜੀਵਨ-ਰਹਿਤਲ ਨੂੰ ਮੁੜ ਵਸੇਬਾ ਦੇ ਕੇ ਪੁਨਰ ਸੁਰਜੀਤ ਕਰਨ ਲਈ ਸਮੇਂ ਦੀਆਂ ਸਰਕਾਰਾਂ ਨੇ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ। ਇਸ ਪੀੜਾ ਨਾਲ ਪੀੜਤ ਉਸ ਦੀ ਆਵਾਜ਼ ਹਾਕਮਾਂ ਨੂੰ ਹਿਲਾ ਦਿੰਦੀ ਸੀ। ਉਨ੍ਹਾਂ ਦੇ ਬੇਟੇ ਹਰਮੀਤ ਸਿੰਘ (ਬਡਹੇੜੀ) ਨੇ ਭਾਰਤੀ ਕਬੱਡੀ ਟੀਮ ਦੇ ਕੋਚ ਵੱਜੋਂ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ। ਉਸ ਵੱਲੋਂ ਆਪਣੇ ਪਿਤਾ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਦੀ ਯਾਦ ਵਿੱਚ ਪੁਆਧੀ ਪੰਜਾਬੀ ਸੱਥ ਮੁਹਾਲੀ ਰਾਹੀਂ 2021 ਤੋਂ ਪੁਰਸਕਾਰ ਪ੍ਰਾਰੰਭ ਕਰਨਾ ਪ੍ਰਸੰਸਾਯੋਗ ਹੈ।

ਮਨਮੋਹਨ ਸਿੰਘ ਦਾਊਂ



ਪੁਆਧੀ ਪੰਜਾਬੀ ਸੱਥ ਮੁਹਾਲੀ ਨੂੰ ਸ਼ੁਭ ਇਛਾਵਾਂ

0172-5095333
098140 78333


Raman Dhiman

Trophy-n-Trophy

Mfrs. of : TROPHIES, MEMENTOES, AWARDS, MEDALS, BADGES, PORCELAIN & LASER ENGRAVED ITEMS etc.

F-333, Phase VIII-B, Indl. Area, IT City, Sector-74, Mohali
E-mail: trophyntrophy@yahoo.com
www.trophyntrophy.com

# ਭਗਤ ਆਸਾ ਰਾਮ ਬੈਦਵਾਨ (ਸੋਹਾਣਾ)



## (ਪੁਆਧੀ ਕਿੱਸਾਕਾਰ ਅਤੇ ਅਖਾੜਾ ਗਾਇਕ)

ਪਿੰਡ ਸੋਹਾਣਾ (ਤਹਿਸੀਲ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ ਮੁਹਾਲੀ) ਦਾ ਵਸਨੀਕ ਭਗਤ ਆਸਾ ਰਾਮ, ਪੁਆਧ ਇਲਾਕੇ ਦਾ ਬਹੁਤ ਹੀ ਲੋਕਪ੍ਰਿਯ ਕਿੱਸਾਕਾਰ ਹੋਇਆ ਹੈ। ਇਸ ਖਿੱਤੇ ਵਿਚ ਲੋਕੀਂ ਉਸ ਨੂੰ ਭਗਤ ਜੀ ਕਹਿ ਕੇ ਯਾਦ ਕਰਦੇ ਹਨ । ਬੈਦਵਾਨ ਗੋਤੀ ਹੋਣ ਕਾਰਨ ਮੌਲੀ, ਮਟੌਰ, ਕੁੰਭੜਾ, ਸੋਹਾਣਾ, ਸਿਆਹੀਮਾਜਰਾ, ਸਫੀਪੁਰ, ਬਾਸੀਆਂ ਤੇ ਮੀਆਂਪੁਰ ਪਿੰਡ ਦੇ ਲੋਕ ਆਸਾ ਰਾਮ ਨੂੰ ਆਪਣਾ ਬਭਾਰੂ (ਬਜ਼ੁਰਗ) ਮੰਨਦੇ ਹਨ, ਜਿਸ ਦੇ ਬੋਲਾਂ ਨੂੰ ਭਵਿੱਖਬਾਣੀ ਵਰਗਾ ਸੱਚ ਮਿਥਦੇ ਹਨ । ਆਪ ਦਾ ਜਨਮ ਮਾਤਾ ਧਰਮ ਕੌਰ ਦੀ ਕੁੱਖੋਂ ਪਿਤਾ ਖਜ਼ਾਨ ਸਿੰਘ ਦੇ ਗ੍ਰਹਿ ਪਿੰਡ ਸੋਹਾਣਾ ਵਿਖੇ 1857 ਦੇ ਨੇੜੇ-ਤੇੜੇ ਹੋਇਆ ਦੱਸਿਆ ਜਾਂਦਾ ਹੈ ।

ਅਨਪੜ੍ਹ ਹੁੰਦਿਆਂ, ਆਸਾ ਰਾਮ ਨੂੰ ਹਿੰਦੂ ਗ੍ਰੰਥਾਂ ਰਾਮਾਇਣ ਅਤੇ ਮਹਾਭਾਰਤ ਦਾ ਚੰਗਾ ਗਿਆਨ ਸੀ । ਇਤਿਹਾਸ ਤੇ ਮਿਥਿਹਾਸ ਦੇ ਸੰਕੇਤ ਉਸ ਦੇ ਕਿੱਸੀਆਂ ਵਿਚ ਮਿਲਦੇ ਹਨ । ਅਟੱਲ ਸਚਿਆਈਆਂ ਅਤੇ ਨੈਤਿਕ ਗੁਣਾਂ ਕਰਕੇ ਉਸ ਦੇ ਕਥਨਾਂ ਦਾ ਪ੍ਰਮਾਣ ਲੋਕੀਂ ਮੂੰਹ ਜ਼ੁਬਾਨੀ ਪੀੜ੍ਹੀ-ਦਰ-ਪੀੜ੍ਹੀ ਸੁਣਾਉਂਦੇ ਆ ਰਹੇ ਹਨ । ਕਿੱਸਾਕਾਰੀ ਦੇ ਨਾਲ-ਨਾਲ ਪੁਆਧ ਵਿਚ ਅਖਾੜਾ ਲੋਕ-ਗਾਇਕੀ ਪ੍ਰੰਪਰਾ ਨੂੰ ਜੋ ਬਲੰਦੀ ਆਸਾ ਰਾਮ ਨੇ ਦਿੱਤੀ, ਉਸ ਨੂੰ ਲੋਕੀਂ ਭੁੱਲ ਨਹੀਂ ਸਕੇ । ਅਖਾੜੇ ਵਿੱਚ ਪੁਆਧੀ ਭਾਸ਼ਾ ਵਿਚ ਰੰਗ ਬੰਨ੍ਹਣਾ, ਉਸ ਦੀ ਕਲਾ ਦਾ ਕਮਾਲ ਸੀ । ਉਹ ਸਚਮੁਚ ਦਰਵੇਸ਼ ਸੁਖ਼ਨਵਰ ਸੀ, ਜਿਸ ਨੂੰ ਪੈਸੇ ਦੀ ਕੋਈ ਲਾਲਸਾ ਅਤੇ ਹੁੱਭ ਨਹੀਂ ਸੀਂ ਵਹੀਰਾਂ ਘੱਤੀਂ ਲੋਕੀਂ ਉਸ ਦੀ ਗਾਇਕੀ ਨੂੰ ਸੁਣਨ ਆਉਂਦੇ ਅਤੇ ਉਸ ਦੀ ਵਿਦਵਤਾ ਅਤੇ ਵਿਖਿਆਨ ਸੁਣ ਕੇ ਅਸ਼-ਅਸ਼ ਕਰ ਉੱਠਦੇ ।

ਆਸਾ ਰਾਮ ਦੀ ਦਿਬ-ਦ੍ਰਿਸ਼ਟੀ ਪੰਡਤਾਂ ਵਰਗੀ ਸੀ । ਸਾਰਾ ਗੌਣ ਜ਼ੁਬਾਨੀ ਕੰਠ ਹੁੰਦਾ ਸੀ । ਤੁਰਤ-ਫੁਰਤ ਬੋਲੀ ਪਾ ਦੇਣੀ, ਕਬਿੱਤ ਜਾਂ ਦੋਹਰਾ ਘੜ ਲੈਣਾ, ਉਸ ਦੀ ਕਲਾ ਦੀ ਜਾਦੂਗਰੀ ਸੀ। ਪੁਆਧੀ ਅਖਾੜਾ ਪ੍ਰੰਪਰਾ ਨੂੰ ਉਸ ਦੇ ਸ਼ਰਧਾਲੂ ਸ੍ਰੀ ਰੱਬੀ ਬੈਰੋਂਪੁਰੀ, ਕਾਕਾ ਕਜਹੇੜੀਵਾਲਾ, ਨਛੱਤਰ ਸਿੰਘ ਸੋਹਾਣਾ ਅਤੇ ਜਥੇਦਾਰ ਗੁਰਦੇਵ ਸਿੰਘ (ਕੁੰਭੜਾ) ਨਿਭਾਉਂਦਾ ਰਿਹਾ । ਜਥੇਦਾਰ ਗੁਰਦੇਵ ਸਿੰਘ ਕੁੰਭੜਾ ਤਾਂ ਆਸਾ ਰਾਮ ਦੀ ਸਮੁੱਚੀ ਗਾਇਕੀ ਦਾ ਖਜ਼ਾਨਾ ਸੀ, ਜਿਹੜਾ ਘੰਟਿਆਬੱਧੀ ਪ੍ਰਸੰਗ ਸੁਣਾਉਂਦਾ ਹੁੰਦਾ ਸੀ । ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਆਸਾ ਰਾਮ ਦੇ ਕਿੱਸਿਆਂ ਦਾ ਕਾਤਬ (ਲਿਖਾਰੀ) ਉਰਦੂ ਫ਼ਾਰਸੀ ਦਾ ਜਾਣੂ ਜਗਤ ਸਿੰਘ ਪਿੰਡ ਝਿੰਗੜਾਂ (ਨੇੜੇ ਕੁਰਾਲੀ) ਦਾ ਵਸਨੀਕ ਸੀ, ਜੋ ਉਸ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਆਸਾ ਰਾਮ ਦਾ ਸੰਗੀ ਬਣ ਗਿਆ । ਭਗਤ ਆਸਾ ਰਾਮ ਦੇ ਛੇ ਕਿੱਸਿਆਂ ਦਾ ਜ਼ਿਕਰ ਆਉਂਦਾ ਹੈ: 'ਅਥ ਸੀਤਾ ਸਵੰਬਰ, ਕ੍ਰਿਸ਼ਨ ਲੀਲਾ, ਨਾਸਕੇਤ, ਰਾਜਾ ਹਰੀ ਚੰਦ, ਗਊ ਵਿਰਲਾਪ ਤੇ ਸਤੀ ਸਰਲੋਚਨਾ ।'

'ਅਥ ਸੀਤਾ ਸਵੰਬਰ' ਆਸਾ ਰਾਮ ਦਾ ਚਰਚਿਤ ਕਿੱਸਾ ਹੈ, ਜਿਸ ਵਿਚ ਮੁੱਖ ਰੂਪ ਵਿਚ ਸੀਤਾ ਜੀ ਦੇ ਸਵੰਬਰ ਦੀ ਗਾਥਾ ਤੋਂ ਲੈ ਕੇ ਸ੍ਰੀ ਰਾਮ ਚੰਦਰ ਅਤੇ ਰਾਵਣ ਦੀ ਲੜਾਈ ਦੇ ਪ੍ਰਸੰਗ ਦਿੱਤੇ ਗਏ ਹਨ। ਇਹ ਰਚਨਾ ਪੁਆਧੀ ਅਖਾੜਾ ਗਾਇਨ 'ਤੇ ਆਧਾਰਿਤ ਹੈ ਅਤੇ ਸਰੋਤਿਆਂ/ਦਰਸ਼ਕਾਂ ਨੂੰ ਸੰਬੋਧਨੀ ਹੈ । ਸਰੋਤਿਆਂ ਨੂੰ ਕੀਲਣ ਲਈ ਕਿੱਸਾਕਾਰ ਨੇ ਬੋਲੀ, ਦੋਹਰਾ ਤੇ ਬੈਂਤ ਛੰਦਾਂ ਦਾ ਪ੍ਰਯੋਗ ਕੀਤਾ ਹੈ । ਸਰੋਤਿਆਂ

ਨੂੰ ਕਥਾ ਦੀ ਜਾਣਕਾਰੀ ਦੇਣ ਲਈ ਅਤੇ ਗਾਇਕ ਕਲਾਕਾਰਾਂ ਨੂੰ ਦਮ ਦੁਆਉਣ ਲਈ ਨਸਰ (ਵਾਰਤਕ) ਰਾਹੀਂ ਪ੍ਰਸੰਗ ਵਿਸਥਾਰਿਆ ਗਿਆ ਹੈ । ਉਹ ਆਪਣੀ ਗੱਲ ਨੂੰ ਸੱਚ ਦੱਸਣ ਲਈ ਬੋਲੀ ਛੰਦ ਦੀ ਵਰਤੋਂ ਕਰਦਾ ਹੈ। ਨਮੂਨਾ ਪੇਸ਼ ਹੈ:

ਸੱਚ ਕਾ ਬਚਨ ਸੁਨੌਣਾ<br>
ਜਨਕ ਨੂੰ ਸੋਚ ਪੈ ਗਈ,<br>
ਸੀਤਾ ਵਰਗਾ ਥਲੀ ਨੀ ਕੋਈ ਥਿਔਣਾ<br>
ਜਨਕ ਨੂੰ ਸੋਚ ਪੈ ਗਈ।

'ਅਥ ਸੀਤਾ ਸਵੰਬਰ' ਪੁਰਾਣਿਕ ਵਿਸ਼ੇ ਨਾਲ ਜੜਿਆ ਹੋਇਆ ਕਿੱਸਾ ਹੈ, ਜਿਸ ਦਾ ਮੂਲ ਵਿਸ਼ਾ ਹੱਕ ਅਤੇ ਧਰਮ ਹੈ । ਰਾਜਿਆਂ-ਮਹਾਰਾਜਿਆਂ ਦੀ ਵਿਆਹ ਪ੍ਰਥਾ ਨੂੰ ਬਿਆਨਦਾ ਹੈ, ਜਿਸ ਵਿਚ ਸਵੰਬਰ (ਆਪਣੇ ਵਰ ਦੀ ਸਵੈ ਚੋਣ) ਦੀ ਪ੍ਰਥਾ ਨੂੰ ਉਭਾਰਿਆ ਗਿਆ ਹੈ । ਸ੍ਰੀ ਰਾਮ ਚੰਦਰ, ਸ੍ਰੀ ਲਛਮਣ ਅਤੇ ਸੀਤਾ ਜੀ ਆਦਰਸ਼ਕ ਪਾਤਰ ਪੇਸ਼ ਕੀਤੇ ਗਏ ਹਨ । ਰਾਜਿਆਂ ਦੇ ਲੋਕ-ਪੱਖੀ ਕਿਰਦਾਰ ਉੱਤੇ ਜ਼ੋਰ ਦਿੱਤਾ ਗਿਆ ਹੈ। ਕਿੱਸੇ ਦੇ ਅੰਤ ਵਿਚ ਜੱਗ ਰਚਨਾ, ਬ੍ਰਹਮਗਿਆਨ ਦੇ ਤੱਤ ਅਤੇ ਪੁਆਧ ਦੇ ਪਿੰਡਾਂ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਹਿੰਦੂ ਇਤਿਹਾਸ ਨਾਲ ਸਬੰਧਤ ਘਟਨਾਵਾਂ ਨੂੰ ਕਿੱਸਾ ਕਾਵਿ-ਰੂਪ ਵਿਚ ਬੰਨ੍ਹਣਾ, ਆਸਾ ਰਾਮ ਦੀ ਕਾਵਿਕ ਕੁਸ਼ਲਤਾ ਦਾ ਪ੍ਰਮਾਣ ਹੈ । ਕਿੱਸੇ ਵਿਚ ਨਾਟਕੀ ਅੰਸ਼ ਪ੍ਰਬਲ ਹੋਣ ਕਾਰਨ, ਸਰੋਤਿਆਂ ਅਤੇ ਕਲਾਕਾਰਾਂ ਵਿਚ ਰਾਬਤਾ ਕਾਇਮ ਰਹਿੰਦਾ ਹੈ, ਇਹ ਪੁਆਧੀ ਅਖਾੜਾ ਗਾਉਣ ਪ੍ਰੰਪਰਾ ਦੀ ਵੱਖਰੀ ਪਛਾਣ ਹੈ, ਜਿਸ ਕਾਰਨ ਆਸਾ ਰਾਮ ਦੀ ਸਾਹਿਤਕ ਅਤੇ ਸਭਿਆਚਾਰਕ ਦੇਣ ਅਨੂਠੀ ਹੈ ।

ਕਿੱਸਾ 'ਅਥ ਸੀਤਾ ਸਵੰਬਰ' ਮੁੜ ਨਵੀਂ ਦਿੱਖ 'ਚ ਪੰਜਾਬੀ ਸੱਥ ਲਾਂਬੜਾ ਜਲੰਧਰ ਨੇ ਛਾਪਿਆ । ਕੇਸਰ ਸਿੰਘ (ਸੋਹਾਣਾ) ਨੇ ਵੀ ਨਿੱਜੀ ਯਤਨਾਂ ਨਾਲ ਭਗਤ ਆਸਾ ਰਾਮ ਦੀ ਗਾਇਕੀ ਨੂੰ ਲਿਖਤੀ ਰੂਪ ਵਿੱਚ ਪ੍ਰਚਾਰਨ ਤੇ ਪ੍ਰਸਾਰਨ ਦਾ ਉੱਦਮ ਕੀਤਾ ਹੈ ।

ਸੋਹਾਣਾ ਵਾਸੀਆਂ ਵੱਲੋਂ ਭਗਤ ਆਸਾ ਰਾਮ ਦੀ ਯਾਦ ਵਿੱਚ ਉਸਾਰੀ ਸਮਾਧ 'ਤੇ ਹਰ ਸਾਲ ਜਸ਼ਨ ਮਨਾਏ ਜਾਂਦੇ ਹਨ ।

ਕੇਸਰ ਸਿੰਘ ਬੈਦਵਾਨ




Mob.: 98881 89559
98159 47529

**UMESH GUPTA**

FRUIT & VEGETABLE ORDER SUPPLIER

Booth No. 134-135, Phase-4, Ajit Singh Market, Mohali

# ਸੁਘੜ ਸੁਆਣੀ, ਆਦਰਸ਼ਕ ਮੁੱਖ-ਅਧਿਆਪਕਾ
# ਸ੍ਰੀਮਤੀ ਰਵਿੰਦਰ ਕੌਰ



ਆਪਣੇ ਮਾਪਿਆਂ ਤੋਂ ਮਿਲੇ ਗੁਰਮਤਿ ਸੰਸਕਾਰਾਂ ਕਾਰਨ, ਰਵਿੰਦਰ ਕੌਰ ਨੇ ਬਚਪਨ ਵਿੱਚ ਹੀ 'ਵਿਦਿਆ ਵਿਚਾਰੀ ਤਾ ਪਰਉਪਕਾਰੀ' ਦੇ ਭਾਵ ਅਰਥ ਸਮਝ ਲਏ ਸਨ। ਇਸ ਸੰਕਲਪ ਨੂੰ ਧਾਰਨ ਕਰਨ ਲਈ, ਉਨ੍ਹਾਂ ਦੀ ਇਹ ਸੋਚ ਬਣ ਗਈ ਕਿ ਸਮਾਜ ਵਿੱਚ ਨੈਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਪਰਿਵਰਤਨ ਲਿਆਉਣ ਲਈ ਲੜਕਿਆਂ ਅਤੇ ਲੜਕੀਆਂ ਦਾ ਵਿਦਿਅਕ ਹੋਣਾ ਅਤੀ ਜਰੂਰੀ ਹੈ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਜੇਕਰ ਇੱਕ ਲੜਕਾ ਪੜ੍ਹਦਾ ਹੈ ਤਾਂ ਉਹ ਇਕੱਲਾ ਹੀ ਪੜ੍ਹਦਾ ਹੈ ਪਰੰਤੂ ਜੇਕਰ ਇੱਕ ਲੜਕੀ ਪੜ੍ਹਦੀ ਹੈ ਤਾਂ ਪੂਰਾ ਪਰਿਵਾਰ ਪੜ੍ਹ ਜਾਂਦਾ ਹੈ। ਇਸ ਪ੍ਰਸੰਗ ਵਿੱਚ ਲੜਕੀਆਂ ਨੂੰ ਸਿਖਿਆ ਅਤੇ ਪੜ੍ਹਾਈ ਪ੍ਰਦਾਨ ਕਰਨੀ ਬਹੁਤ ਅਹਿਮੀਅਤ ਰੱਖਦੀ ਹੈ।

ਰਵਿੰਦਰ ਕੌਰ ਦਾ ਜਨਮ ਪਿਤਾ ਸ. ਮਹਿੰਗਾ ਸਿੰਘ ਦੇ ਘਰ, ਮਾਤਾ ਬ੍ਰਹਮ ਕੌਰ ਦੀ ਕੁੱਖੋਂ ਪਿੰਡ ਪਧਿਆਣਾ ਜ਼ਿਲ੍ਹਾ ਜਲੰਧਰ ਵਿਖੇ 29 ਮਈ, 1944 ਨੂੰ ਹੋਇਆ। ਆਪ ਜੀ ਬਚਪਨ ਤੋਂ ਹੀ ਬੜੀ ਤਿੱਖੀ ਬੁੱਧੀ ਤੇ ਹੋਣਹਾਰ ਪ੍ਰਤਿਭਾ ਦੇ ਮਾਲਕ ਸਨ । ਮੁਢਲੀ ਪੜ੍ਹਾਈ ਪੂਰੀ ਕਰਨ ਉਪਰੰਤ ਆਪ ਨੇ ਬੀ.ਐਸ.ਸੀ ਅਤੇ ਬੀ. ਐੱਡ. ਟ੍ਰੇਨਿੰਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ਆਪ 18 ਸਤੰਬਰ, 1971 ਨੂੰ ਸਰਕਾਰੀ ਹਾਈ ਸਕੂਲ ਘਨੌਰ (ਪਟਿਆਲਾ) ਵਿਖੇ ਸਾਇੰਸ-ਮਿਸਟ੍ਰੈੱਸ ਨਿਯੁਕਤ ਹੋਏ ਅਤੇ ਅਧਿਆਪਨ ਦੇ ਕਿੱਤੇ ਨੂੰ ਸਮਰਪਿਤ ਹੋ ਗਏ। ਆਪ ਹਰ ਕੰਮ ਨੂੰ ਬੜੀ ਮਿਹਨਤ, ਲਗਨ ਅਤੇ ਈਮਾਨਦਾਰੀ ਨਾਲ ਕਰਦੇ ਹੁੰਦੇ ਸਨ।

ਆਪ ਨੇ ਆਪਣੀ 31 ਸਾਲਾਂ ਦੀ ਸੇਵਾ ਦੌਰਾਨ ਵੱਖੋ-ਵੱਖ ਅੱਠ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ਾ ਪੜ੍ਹਾ ਕੇ ਹਰਮਨ ਪਿਆਰਤਾ ਖੱਟੀ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ (ਪਟਿਆਲਾ) ਵਿਖੇ ਨਿਰੰਤਰ 13 ਸਾਲ ਸ਼ਾਨਦਾਰ ਸੇਵਾਵਾਂ ਨਿਭਾਈਆਂ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਾਲੀ ਸਹਾਇਤਾ ਵੀ ਕੀਤੀ। ਨਿਰਮਲ ਸੇਵਾ ਭਾਵਨਾ ਸਦਕਾ ਆਪਦੇ ਨਤੀਜੇ ਸ਼ਾਨਦਾਰ ਆਉਂਦੇ ਰਹੇ। ਆਪ ਜੀ ਇੱਕ ਨਿਪੁੰਨ ਸਾਇੰਸ ਅਧਿਆਪਕਾ ਸਨ।

ਇਸ ਤੋਂ ਬਾਅਦ ਆਪ ਸਰਕਾਰੀ ਹਾਈ ਸਕੂਲ ਹੁਸ਼ਿਅਰਪੁਰ (ਜਿਲ੍ਹਾ ਐਸ. ਏ. ਐਸ. ਨਗਰ, ਮੋਹਾਲੀ) ਲਗਭਗ ਸੱਤ ਸਾਲ ਵਿਗਿਆਨ ਵਿਸ਼ਾ ਪੜ੍ਹਾਉਂਦੇ ਰਹੇ ਤੇ ਸ਼ਾਨਦਾਰ ਨਤੀਜੇ ਦਿੱਤੇ। ਇਸ ਸਕੂਲ ਨੂੰ ਸੁੰਦਰੀਕਰਨ ਕਰਨ ਲਈ ਆਪ ਨੇ ਇੱਕ ਖੂਬਸੂਰਤ ਫੁਲਵਾੜੀ ਦਾ ਨਿਰਮਾਣ ਕੀਤਾ ਜਿਸ ਵਿੱਚ ਭਾਂਤ ਭਾਂਤ ਦੇ ਫੁੱਲ ਲਗਵਾਏ।

ਰਵਿੰਦਰ ਕੌਰ ਇਥੋਂ ਪਦ-ਉਨਤ ਹੋ ਕੇ ਸਰਕਾਰੀ ਹਾਈ ਸਕੂਲ ਸਰਸੀਣੀ (ਜ਼ਿਲ੍ਹਾ ਪਟਿਆਲਾ) ਵਿੱਚ ਬਤੌਰ ਮੁੱਖ-ਅਧਿਆਪਕਾ ਜਾ ਲੱਗੇ। ਇਸ ਸਕੂਲ ਨੂੰ ਆਦਰਸ਼ਕ ਬਣਾਉਣ ਲਈ ਆਪ ਨੇ ਸਿਰਤੋੜ ਮਿਹਨਤ ਕੀਤੀ। ਇਹ ਦੂਰਵਰਤੀ ਪੇਂਡੂ ਇਲਾਕੇ ਦਾ ਸਕੂਲ ਸੀ। ਵਿਦਿਆਰਥੀਆਂ ਦੀ ਘੱਟ ਗਿਣਤੀ ਨੂੰ ਵਧਾਉਣ ਵਿੱਚ ਵਿਸ਼ੇਸ਼ ਵਾਧਾ ਕੀਤਾ ਤੇ ਸਿੱਖਿਆ ਪੱਧਰ ਵਿੱਚ ਵੀ ਸੁਧਾਰ ਲਿਆਂਦਾ। ਸਕੂਲ

ਇਮਾਰਤ ਬਹੁਤ ਖਸਤਾ ਸੀ ਪਰੰਤੂ ਆਪ ਨੇ ਪਿੰਡ ਪੰਚਾਇਤ, ਪਤਵੰਤੇ ਸਜਨਾਂ ਤੇ ਸਰਕਾਰ ਨੂੰ ਪਹੁੰਚ ਕਰ ਕੇ ਸਕੂਲ ਇਮਾਰਤ ਨੂੰ ਨਵੀਂ ਦਿੱਖ ਦੇਣ ਲਈ ਸੱਤ ਲੱਖ ਰੁਪਏ ਦੀ ਗ੍ਰਾਂਟ ਲੈ ਕੇ ਸ਼ਲਾਘਾ ਯੋਗ ਕਾਰਜ ਕੀਤਾ । ਇਸ ਤੋਂ ਬਿਨਾਂ ਪਾਣੀ ਦਾ ਉਚਿਤ ਪ੍ਰਬੰਧ ਕਰਨ ਲਈ ਵਾਟਰ ਕੂਲਰ ਵੀ ਲੁਆਏ। ਵਿਦਿਆਰਥੀਆਂ ਅਤੇ ਵਿਦਿਆਰਥਣਾਂ ਲਈ ਸਾਫ-ਸੁਥਰੇ ਸੌਚਾਲਿਆ ਉਪਲਬਧ ਕਰਵਾਏ। ਸਰਸੀਣੀ ਪਿੰਡ ਨੇੜੇ ਸਥਿਤ 'ਆਨੰਦ ਗੇਟਸ' ਪ੍ਰਾਈਵੇਟ ਵਪਾਰਕ ਸੰਸਥਾ ਤੋਂ ਉਦਮ ਕਰਕੇ ਸਕੂਲ ਵਿੱਚ ਕੰਪਿਉਟਰ ਉਪਲਬਧ ਕਰਵਾਏ ਤਾਂ ਜੋ ਵਿਦਿਆਰਥੀ ਲਾਭ ਉਠਾ ਸਕਣ । ਆਪ ਜੀ ਨੂੰ ਫੁੱਲ-ਬੂਟਿਆਂ ਨਾਲ ਲਗਾਓ ਹੋਣ ਕਾਰਨ, ਸਕੂਲ ਕੈਂਪਸ ਵਿਚ ਸਜਾਵਈ ਫੁੱਲ-ਬੂਟੇ ਲਗਵਾਏ। ਸਕੂਲ ਵਿੱਚ ਸਾਫ-ਸੁਥਰੇ ਪਾਣੀ ਦਾ ਪ੍ਰਬੰਧ ਕਰਵਾਇਆ ਅਤੇ ਸਿਹਤ-ਸਹੂਲਤਾਂ ਮੁੱਹਈਆ ਕਰਵਾਈਆਂ। ਇਨ੍ਹਾਂ ਜਤਨਾਂ ਕਰਕੇ ਪਿੰਡ ਦੀਆਂ ਔਰਤਾਂ ਆਪ ਜੀ ਨੂੰ 'ਗੰਗਾ ਮਾਤਾ' ਕਹਿਕੇ ਸਤਿਕਾਰ ਕਰਦੀਆਂ ਸਨ । ਇਸੇ ਸਕੂਲ'ਚੋਂ ਸ਼ੋਭਾ ਖੱਟ ਕੇ ਆਪ 31 ਮਈ, 2002 ਨੂੰ ਸੇਵਾ ਮੁਕਤ ਹੋਏ।

ਆਪ ਦੀ ਸ਼ਾਦੀ 1970'ਚ ਸ. ਇਕਬਾਲ ਸਿੰਘ ਸਰੋਆ ਨਾਲ ਹੋਈ ਜੋ ਇੱਕ ਉੱਘੇ ਖੇਡ-ਸਾਹਿਤ ਲੇਖਕ ਹਨ। ਉਨ੍ਹਾਂ ਦੀਆਂ ਦੋ ਪੁਸਤਕਾਂ 'ਹਾਕੀ ਦੇ ਸੁਲਤਾਨ' ਅਤੇ ਹਾਕਸ ਹਾਕੀ ਦੀਆਂ ਉੱਚੀਆਂ ਉਡਾਰੀਆਂ' ਬਹੁਤ ਸਲਾਹੀਆਂ ਗਈਆਂ। ਹੁਣ ਉਹ ਰਵਿੰਦਰ ਕੌਰ ਦੀ ਜੀਵਨੀ ਵੀ ਲਿਖ ਰਹੇ ਹਨ ਜਿਸ ਤੋਂ ਉਨ੍ਹਾਂ ਦੇ ਜੀਵਨ-ਸਾਂਥ ਦੀ ਮੁਹੱਬਤ ਦਾ ਪ੍ਰਮਾਣ ਪੁਸਤਕ ਰੂਪ ਵਿੱਚ ਸਾਂਭਣਾ ਵਡਿਆਈਯੋਗ ਹੈ। ਰਵਿੰਦਰ ਕੌਰ ਦਾ ਬੇਟਾ ਡਾ. ਅੰਮ੍ਰਿਤਪਾਲ ਸਿੰਘ ਇਸ ਸਮੇਂ 'ਸੁਖਮਨੀ ਆਯੁਰਵੈਦਿਕ ਕਾਲਜ ਡੇਰਾਬਸੀ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾਅ ਰਿਹਾ ਹੈ । ਜਿਨ੍ਹਾਂ ਦੀਆਂ ਖੋਜ-ਪੁਸਤਕਾਂ ਵਿਦਿਆਰਥੀਆਂ ਦੇ ਪਾਠ-ਕ੍ਰਮ ਦਾ ਹਿੱਸਾ ਹਨ। ਆਪ ਦੀ ਬੇਟੀ ਡਾ. ਨਵਪ੍ਰੀਤ ਕੌਰ ਸ਼੍ਰੀ ਗੁਰੂ ਰਾਮਦਾਰ ਮੈਡੀਕਲ ਕਾਲਜ ਅੰਮ੍ਰਿਤਸਰ'ਚ ਡੈਂਟਲ ਡਾਕਟਰ ਅਤੇ ਖੋਜ ਅਫਸਰ ਹਨ ਅਤੇ ਦਾਮਾਦ ਡਾ. ਜਸਵਿੰਦਰ ਸਿੰਘ ਵੀ ਇਸੇ ਕਾਲਜ ਵਿੱਚ ਪ੍ਰੋਫੈਸਰ ਹਨ। ਆਪ ਦੀ ਨੂੰਹ ਬੀਬਾ ਨਵਜੋਤ ਕੌਰ ਬਤੌਰ ਵਾਇਸ ਪ੍ਰਿੰਸੀਪਲ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਗਰਲਜ਼ ਕਾਲਜ ਮੋਰਿੰਡਾ ਵਿਖੇ ਸੇਵਾਵਾਂ ਨਿਭਾ ਰਹੀ ਹੈ। ਅਜਿਹੇ ਖੁਸ਼ਹਾਲੀ ਭਰੇ ਪਰਿਵਾਰ ਨੂੰ ਉਸਾਰਨ ਵਿੱਚ ਆਪ ਜੀ ਦੀ ਨੇਕ ਕਮਾਈ ਮੂੰਹੋ ਬੋਲਦੀ ਹੈ।

ਆਪ ਜੀ ਨਾਮ ਸਿਮਰਨ ਵਾਲੀ ਸ਼ਖ਼ਸੀਅਤ ਸਨ ਜੋ ਨਿਤਨੇਮ ਦੀ ਮਰਿਯਾਦਾ ਦੇ ਧਾਰਨੀ ਸਨ। ਲੋੜਵੰਦਾਂ ਦੀ ਤਨ, ਮਨ ਤੇ ਧਨ ਨਾਲ ਸਹਾਇਤਾ ਕਰਦੇ ਰਹਿੰਦੇ ਸਨ। ਘਰ ਦੇ ਸੁਹੱਪਣ'ਚ ਉਨ੍ਹਾਂ ਦੀ ਛੁਹ ਥਾਂ-ਥਾਂ ਤੋਂ ਝਲਕਦੀ ਹੈ। ਉਨ੍ਹਾਂ ਦੀ ਪਰਿਵਾਰਕ ਫੁੱਲਵਾੜੀ'ਚ ਪੋਤਰੀ ਸੀਰਤ ਕੌਰ, ਦੋਹਤਰਾ ਸਚਮਨ ਸਿੰਘ ਅਤੇ ਦੋਹਤਰੀ ਹਰਸ਼ਮਨ ਕੌਰ ਮਹਿਕਾਂ ਤੇ ਖੇੜੇ ਵੰਡ ਰਹੇ ਹਨ। ਕਿਸੇ ਨੂੰ ਚਿਤ-ਚੇਤਾ ਹੀ ਨਹੀਂ ਸੀ ਕਿ ਅਜਿਹੀ ਧਰਮਾਰਥ ਰੂਹ 9 ਸਤੰਬਰ, 2023 ਨੂੰ ਸਦਾ ਲਈ ਅਲਵਿਦਾ ਕਹਿ ਜਾਵੇਗੀ ਤੇ ਪਿਛੇ ਅਮਿੱਟ ਪੈੜਾਂ ਰਹਿ ਜਾਣਗੀਆਂ। ਅਜਿਹੀ ਕਰਮਯੋਗੀ ਆਤਮਾ ਦੀ ਯਾਦ'ਚ ਸ. ਇਕਬਾਲ ਸਿੰਘ ਸਰੋਆ ਪਰਿਵਾਰ ਵੱਲੋਂ ਪੁਆਧੀ ਪੰਜਾਬੀ ਸੱਥ ਮੁਹਾਲੀ ਰਾਹੀਂ ਸ੍ਰੀਮਤੀ ਰਵਿੰਦਰ ਕੌਰ ਯਾਦਗਾਰੀ ਪੁਰਸਕਾਰ ਸਾਲ 2024 ਤੋਂ ਪ੍ਰਾਰੰਭ ਕਰਨਾ ਅਤੀ ਸ਼ਲਾਘਾਯੋਗ ਕਦਮ ਹੈ।

ਦਲਜੀਤ ਕੌਰ ਦਾਊਂ

# ਅਜ਼ਾਦੀ ਘੁਲਾਟੀਆ ਪ੍ਰਤਾਪ ਸਿੰਘ ਬੈਦਵਾਨ



ਕੁਝ ਅਜਿਹੇ ਗੁੰਮਨਾਮ ਅਜ਼ਾਦੀ ਸੰਗ੍ਰਾਮੀਏ ਵੀ ਹੋਏ ਹਨ ਜਿਨ੍ਹਾਂ ਬਾਰੇ ਇਤਿਹਾਸ ਦੇ ਪੰਨਿਆਂ 'ਤੇ ਜ਼ਿਕਰ ਨਹੀਂ ਹੋਇਆ। ਅਜਿਹਾ ਘੁਲਾਟੀਆ ਸ. ਪ੍ਰਤਾਪ ਸਿੰਘ ਸੋਹਾਣਾ ਤਹਿਸੀਲ ਖਰੜ ਜ਼ਿਲ੍ਹਾ ਅੰਬਾਲਾ, (ਹੁਣ ਐਸ.ਏ.ਐਸ. ਨਗਰ, ਮੁਹਾਲੀ) ਵਿਖੇ ਪਿਤਾ ਸ੍ਰੀ ਕਾਹਲਾ ਸਿੰਘ ਦੇ ਘਰ ਹੋਇਆ। ਪ੍ਰਤਾਪ ਸਿੰਘ ਸ਼ੁਰੂ ਤੋਂ ਹੀ ਲੰਮਾ-ਲੰਝਾ ਤੇ ਤਕੜੇ ਜੁੱਸੇ ਵਾਲਾ ਦਲੇਰ ਗੱਭਰੂ ਸੀ। ਉਨ੍ਹਾਂ ਸਮਿਆਂ ਵਿੱਚ ਸੋਹਾਣੇ ਤੋਂ ਭਾੜਾ ਵਾਹੁਣ ਲਈ ਗੱਡਿਆਂ ਦਾ ਸਾਧਨ ਸੀ। ਚੋਰਾਂ ਤੇ ਡਾਕੂਆਂ ਦੀ ਰਾਖੀ ਕਰਨ ਲਈ ਪ੍ਰਤਾਪ ਸਿੰਘ ਹੱਥ ਵਿੱਚ ਖੂੰਡਾ ਰੱਖਦਾ ਸੀ ਜਿਸ ਕਾਰਨ ਉਸ ਨੂੰ ਲੋਕੀਂ ਖੂੰਡੇ ਵਾਲਾ ਕਹਿਣ ਲੱਗ ਪਏ। ਉਸ ਦਾ ਪਿੰਡ ਵਿੱਚ ਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਚੰਗਾ ਰੋਹਬ-ਦਾਬ ਸੀ।

ਭਾਰਤ ਦੀ ਅਜ਼ਾਦੀ ਦੇ ਅੰਦੋਲਨ ਵਿੱਚ ਵੀ ਪ੍ਰਤਾਪ ਸਿੰਘ ਪੂਰਾ ਸਰਗਰਮ ਰਿਹਾ। ਬਹੁਤ ਵਾਰੀ ਜੇਲ੍ਹ ਵੀ ਗਿਆ। ਵੰਡ ਤੋਂ ਪਹਿਲਾਂ ਆਪ ਮੁਲਤਾਨ ਜੇਲ੍ਹ ਵਿੱਚ ਰਹੇ ਜਿਥੇ ਆਪ ਦੀ ਮੁਲਾਕਾਤ ਸ. ਪ੍ਰਤਾਪ ਸਿੰਘ ਕੈਰੋਂ ਤੇ ਅਬਦੂਲ ਗੁਫ਼ਾਰ ਖਾਨ ਨਾਲ ਵੀ ਹੋਈ। ਪੁਲਿਸ ਦਾ ਤਸ਼ਦੱਦ ਸਹਿਣਾ ਪਿਆ। ਪੁਲਿਸ ਨੇ ਲਾਠੀਆਂ ਨਾਲ ਏਨਾ ਕਹਿਰ ਢਾਹਿਆ ਕਿ ਖੂਨ ਨਾਲ ਜੁੱਤੀ ਵੀ ਭਰ ਗਈ ਪਰੰਤੂ ਆਪ ਨੇ ਈਨ ਨਾ ਮੰਨੀ। ਜਬਰ ਨੂੰ ਪਿੰਡੇ 'ਤੇ ਝੱਲਿਆ। ਇਸ ਅਣ-ਮੱਨੁਖੀ ਤਸ਼ਦੱਦ ਕਾਰਨ ਆਪ ਦੀ ਉਸ ਸਮੇਂ ਮੌਤ ਹੋ ਗਈ।

ਇਕ ਵਾਰ ਦੀ ਘਟਨਾ ਦੱਸੀ ਜਾਂਦੀ ਹੈ ਕਿ ਜਦੋਂ ਆਪ ਨੂੰ ਫੜਨ ਲਈ ਥਾਣੇਦਾਰ ਘੋੜੀ 'ਤੇ ਚੜ੍ਹ ਕੇ ਪਿੰਡ ਸੋਹਾਣੇ ਆਇਆ ਤਾਂ ਆਪ ਦੇ ਪੁੱਤਰ ਦਿਆਲ ਸਿੰਘ ਨੇ ਕੁਹਾੜੀ ਨਾਲ ਥਾਣੇਦਾਰ 'ਤੇ ਹਮਲਾ ਕਰ ਦਿੱਤਾ। ਘੋੜੀ ਦੀ ਕਾਠੀ 'ਤੇ ਕੁਹਾੜੀ ਵੱਜੀ ਤੇ ਆਪ ਦਿਆਲ ਸਿੰਘ ਉੱਥੋਂ ਭੱਜ ਗਿਆ। ਥਾਣੇਦਾਰ ਨੇ ਪ੍ਰਤਾਪ ਸਿੰਘ ਨੂੰ ਫੜ ਕੇ ਤਸ਼ਦੱਦ ਕੀਤਾ ਤੇ ਪਤਾ ਲੱਗਿਆ ਕਿ ਆਪ ਦਾ ਪੁੱਤਰ ਵੀ ਬਹੁਤ ਦਲੇਰ ਹੈ।

ਇਕ ਹੋਰ ਘਟਨਾ ਵੀ ਲੋਕੀਂ ਯਾਦ ਕਰਦੇ ਹਨ। ਪਿੰਡ ਮੜੌਲੀ ਕਲਾਂ ਖੀਵਾ ਸਿੰਘ ਆਪਣੇ ਨਾਨਕਿਆਂ 'ਚ ਰਹਿੰਦਾ ਸੀ। ਉਸ ਨੇ ਮੜੌਲੀ ਕਲਾਂ ਭਗਤ ਆਸਾ ਰਾਮ ਬੈਦਵਾਨ ਦਾ ਅਖਾੜਾ ਲਾਉਣ ਦੀ ਵਿਊਂਤ ਬਣਾਈ ਪਰੰਤੂ ਪਿੰਡ ਘੜੂੰਆਂ ਤੇ ਮਟੌਰ ਦੇ ਕੁੱਝ ਬੰਦੇ ਅਖਾੜਾ ਲਾਉਣ ਦੀ ਵਿਰੋਧਤਾ ਕਰਨ ਲੱਗੇ। ਪ੍ਰਤਾਪ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਆਪਣਾ ਖੂੰਡਾ ਲੈ ਗੱਜਿਆ ਤੇ ਵਿਰੋਧੀਆਂ ਨੂੰ ਭਜਾ ਦਿੱਤਾ। ਲੋਕੀਂ ਕਹਿਣ ਕਿ ਖੂੰਡੇ ਵਾਲਾ ਬੰਦਾ ਤਾਂ ਬੜਾ ਸੂਰਮਾ ਹੈ।

ਇਹ ਵੀ ਗੱਲ ਦੱਸੀ ਜਾਂਦੀ ਹੈ ਕਿ ਕਈ ਅੰਦੋਲਨਾਂ 'ਚ ਪ੍ਰਤਾਪ ਸਿੰਘ ਕੈਰੋਂ (ਸਵ: ਮੁੱਖ ਮੰਤਰੀ ਪੰਜਾਬ) ਅਤੇ ਅਬਦੁਲ ਗੁਫ਼ਾਰ ਖਾਂ (ਹਰਿਆਣੇ ਦਾ ਰਿਹਾ ਮੰਤਰੀ) ਪਿੰਡ ਸੋਹਾਣਾ ਲੁਕਦੇ-ਛਿਪਦੇ ਆ ਜਾਂਦੇ ਸੀ। ਉਨ੍ਹਾਂ ਨੂੰ ਰੋਟੀ ਟੁੱਕ ਖਾਣ ਲਈ ਬਾਬਾ ਪ੍ਰਤਾਪ ਸਿੰਘ ਆਪਣੇ ਘਰੋਂ ਰੱਖਾ ਸਿੰਘ ਉਰਫ ਰਾਮਦਾਸੀਆ (ਕਮਿਊਨਿਸਟ) ਰਾਹੀਂ ਭੇਜਦਾ ਹੁੰਦਾ ਸੀ ਤਾਂ ਜੋ ਉਹ ਪਕੜੇ ਜਾਣ ਤੋਂ ਸੁਰਖਰੂ ਰਹਿਣ। ਬਾਬਾ ਪ੍ਰਤਾਪ ਸਿੰਘ ਦਾ ਹੋਰ ਘੁਲਾਟੀਆਂ ਨਾਲ ਵੀ ਚੰਗਾ ਮੇਲ-ਮਿਲਾਪ ਸੀ। ਉਸ ਨੇ 1947 ਤੋਂ ਪਹਿਲਾਂ ਆਪਣੀ ਬੈਠਕ ਦੇ ਦੁਆਰ 'ਤੇ ਪ੍ਰਤਾਪ ਸਿੰਘ ਬਾਗੀ ਲਿਖਵਾਇਆ ਜਿਸ ਦਾ ਅਰਥ ਸੀ ਕਿ ਉਹ ਅੰਗਰੇਜ਼ ਸਰਕਾਰ ਤੋਂ ਬਾਗੀ ਹੈ। ਬਹੁਤ ਨਿਡਰ ਤੇ ਤਕੜੇ ਜੁੱਸੇ ਕਰ ਕੇ ਹਰ ਕੋਈ ਉਸ ਤੋਂ ਭੈਅ ਖਾਂਦਾ ਸੀ। ਜੇਕਰ ਪਿੰਡ ਵਿੱਚ ਲੜਾਈ ਹੋ ਜਾਣੀ ਤਾਂ ਉਸ ਨੇ ਮਾੜੇ ਤੇ ਲੋੜਵੰਦ ਦੀ ਮਦਦ ਲਈ ਆਪਣਾ ਖੂੰਡਾ ਚੁੱਕ ਲੈਣਾ। ਤਤਕਾਲੀ ਪੰਜਾਬ ਦੇ ਮੁੱਖ-ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਇਸ ਪਰਿਵਾਰ ਨੂੰ ਲਈ ਸਹੂਲਤਾਂ ਦੇਣੀਆਂ ਬਾਹੀਆਂ ਪਰੰਤੂ ਕੋਈ ਲਾਭ ਲੈਣਾ ਨਾ ਚਾਹਿਆ ।

ਇੱਕ ਵਾਰ ਮਣਸਾ ਦੇਵੀ ਦੇ ਮੇਲੇ 'ਤੇ ਹਰਪਾਲ ਸਿਓਂ ਆਪਣੇ ਗੱਡੇ ਉੱਤੇ ਪੌਂਡੇ (ਗੰਨੇ) ਵੇਚਣ ਜਾ ਰਿਹਾ

ਸੀ। ਇੱਕ ਟੋਲਾ ਬਠਿੰਡੇ ਵਾਲਾ ਗੱਡਾ ਲੁਟਣ ਲੱਗਿਆ ਤਾਂ ਬਾਬਾ ਪ੍ਰਤਾਪ ਸਿੰਘ ਨੇ ਆਪਣੇ ਖੂੰਡੇ ਦੇ ਜ਼ੋਰ ਨਾਲ ਲਟੇਰਿਆਂ ਨੂੰ ਭਜਾ ਦਿੱਤਾ। ਮੇਲੇ ਵਿੱਚ ਬੱਲੇ-ਬੱਲੇ ਹੋ ਗਈ।

ਪਿੰਡ ਸੋਹਾਣੇ ਦਾ ਇੱਕ ਬੰਦਾ ਪਿੰਡ ਦੀ ਸ਼ਾਮਲਾਟ ਥਾਂ 'ਤੇ ਹਵੇਲੀ ਉਸਾਰਨ ਲੱਗ ਪਿਆ ਤੇ ਪਿੰਡ ਘੜੂੰਏ ਤੋਂ ਬੰਦੇ ਲੈ ਆਇਆ ਤਾਂ ਜੋ ਕਬਜ਼ਾ ਹੋ ਸਕੇ। ਪਿੰਡ ਘੜੂੰਆਂ ਉਨ੍ਹਾਂ ਸਮਿਆਂ ਵਿੱਚ ਲੜਾਈ ਲੜਨ ਲਈ ਮਸ਼ਹੂਰ ਸੀ। ਆਪਸ ਵਿੱਚ ਇਕ ਦੂਜੇ ਦੀ ਮਦਦ ਲਈ ਆਬਤ ਲਾਉਣ ਲਈ ਮਸ਼ਹੂਰ ਸਨ। ਜਦੋਂ ਇਸ ਤਰ੍ਹਾਂ ਦੀ ਸਮੱਸਿਆ ਪੈਦਾ ਹੋਈ ਤਾਂ ਬਾਬਾ ਪ੍ਰਤਾਪ ਸਿੰਘ ਨੇ ਆਪਣੇ ਬੰਦੇ ਇਕੱਠੇ ਕਰ ਕੇ ਹੱਲਾ ਬੋਲ ਦਿੱਤਾ ਤੇ ਹਵੇਲੀ ਢਹਿ-ਢੇਰੀ ਕਰ ਦਿੱਤੀ। ਕੇਸ ਚੱਲਿਆ। ਪੰਚਾਇਤ ਨੇ ਗੁਹਾਈ ਦਿੱਤੀ ਕਿ ਇਹ ਥਾਂ ਤਾਂ ਸ਼ਾਮਲਾਟ ਹੈ, ਇਸ ਕਰਕੇ ਕੇਸ ਬਰੀ ਕਰ ਦਿੱਤਾ ਗਿਆ।

ਬਾਬਾ ਪ੍ਰਤਾਪ ਸਿੰਘ ਦੇ ਤਿੰਨ ਲੜਕੇ ਦਿਆਲ ਸਿੰਘ, ਜੋਰਾ ਸਿੰਘ ਤੇ ਜਮੀਅਤ ਸਿੰਘ ਸਨ। ਅੱਗੋਂ ਦਿਆਲ ਸਿੰਘ ਦੇ ਚਾਰ ਲੜਕੇ ਜੋਗਿੰਦਰ ਸਿੰਘ, ਮੇਵਾ ਸਿੰਘ, ਗੱਜਣ ਸਿੰਘ ਤੇ ਕੇਸਰ ਸਿੰਘ। ਕੇਸਰ ਸਿੰਘ ਬੈਦਵਾਨ ਨੇ ਭਗਤ ਆਸਾ ਰਾਮ ਦੀ ਪੁਆਧੀ ਅਖਾੜਾ ਪਰੰਪਰਾ ਤੇ ਗਾਉਣ ਨੂੰ ਸੰਭਾਲਿਆ ਜੋ ਅਜੇ ਵੀ ਯਤਨਸ਼ੀਲ ਹੈ। ਇਸ ਸਾਹਿਤਕ ਸੇਵਾ ਲਈ ਪੁਆਧੀ ਪੰਜਾਬੀ ਸੱਥ ਮੁਹਾਲੀ ਨੇ ਕੇਸਰ ਸਿੰਘ ਬੈਦਵਾਨ ਨੂੰ ਸਾਲਾਨਾ ਸਨਮਾਨ ਸਮਾਗਮ (2020) ਮੌਕੇ ਸਨਮਾਨਿਤ ਕੀਤਾ। ਇਸ ਖਾਨਦਾਨ ਦੀ ਲੋਕ ਭਲਾਈ ਦੇ ਕੰਮਾਂ ਵਿੱਚ ਸਦਾ ਹੀ ਉਸਾਰੂ ਭੂਮਿਕਾ ਰਹੀ।

ਕੇਸਰ ਸਿੰਘ ਬੈਦਵਾਨ ਦੇ ਦੱਸਣ ਅਨੁਸਾਰ ਉਨ੍ਹਾਂ ਦਾ ਬਾਬਾ ਪ੍ਰਤਾਪ ਸਿੰਘ ਆਪਣੇ ਮੁਕੱਦਮੇ ਦੀ ਤਾਰੀਖ ਭੁਗਤਣ ਵਾਸਤੇ ਸੋਹਾਣੇ ਤੋਂ ਪੈਦਲ ਕਸੌਲੀ ਜਾਂਦਾ ਰਿਹਾ, ਇਹ ਅੰਗਰੇਜ਼ ਸਮਿਆਂ ਦੀ ਗੱਲ ਹੈ। ਜਦੋਂ ਵੱਡੀ ਪਲੇਗ ਪਈ (1914) ਤਾਂ ਪਿੰਡ ਵਿੱਚ ਬਹੁਤ ਮੌਤਾਂ ਹੋਈਆਂ। ਉਨ੍ਹਾਂ ਦਾ ਸਸਕਾਰ ਕਰਨ ਵਿੱਚ ਬਾਬਾ ਪ੍ਰਤਾਪ ਸਿੰਘ ਨੇ ਬੜਾ ਪਰਉਪਕਾਰ ਕੀਤਾ। ਭਾਰਤ ਦੀ ਅਜ਼ਾਦੀ ਦੇ ਅੰਦੋਲਨ 'ਚ ਹਿੱਸਾ ਪਾਉਣ ਵਾਲੇ ਅਜਿਹੇ ਅਣਗੌਲੇ ਵਿਅਕਤੀ 'ਤੇ ਪੁਆਧ ਨੂੰ ਮਾਣ ਹੈ। ਕੇਸਰ ਸਿੰਘ ਬੈਦਵਾਨ ਪਰਿਵਾਰ ਵੱਲੋਂ ਪੁਆਧੀ ਪੰਜਾਬੀ ਸੱਥ ਮੁਹਾਲੀ ਰਾਹੀਂ ਬਾਬਾ ਪ੍ਰਤਾਪ ਸਿੰਘ ਬੈਦਵਾਨ ਦੀ ਯਾਦ ਵਿੱਚ ਭਗਤ ਆਸਾ ਰਾਮ ਪੁਰਸਕਾਰ ਪ੍ਰਾਰੰਭ ਕਰਨਾ ਪ੍ਰਸ਼ੰਸਾਯੋਗ ਉੱਦਮ ਹੈ।

ਕਮਲਪ੍ਰੀਤ ਕੌਰ ਦਾਊਂ

ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ
ਗਿਆਨੀ ਦਿੱਤ ਸਿੰਘ ਯਾਦਗਾਰੀ
ਪੰਜਾਬੀ ਮੌਲਿਕ ਕਵਿਤਾ
ਮੁਕਾਬਲਾ ਪੁਰਸਕਾਰ ਜੇਤੂ – 2024

(ਅ) ਵਰਗ'ਚੋਂ ਪਹਿਲਾ ਸਥਾਨ :-
ਸਬਾ (ਬੀ. ਐੱਡ)
ਦੂਜਾ ਸਥਾਨ–ਅੰਸ਼ਿਤਾ ਸ਼ਰਮਾ (ਬੀ.ਐੱਡ)
ਤੀਜਾ ਸਥਾਨ–ਦੀਪਿਕਾ ਕੁਮਾਰੀ (ਬੀ. ਐੱਡ)

(ੳ) ਵਰਗ'ਚੋਂ ਪਹਿਲਾ ਸਥਾਨ :-
ਹਰਨਵਰੂਪ ਕੌਰ (ਦਸਵੀਂ)
ਦੂਜਾ ਸਥਾਨ – ਅਰਸ਼ਜੋਤ ਕੌਰ (ਦਸਵੀਂ)
ਤੀਜਾ ਸਥਾਨ – ਅਕਸ਼ਿਤਾ ਸ਼ਰਮਾ (ਦਸਵੀਂ)

(ੲ) ਵਰਗ'ਚੋਂ ਪਹਿਲਾ ਸਥਾਨ :-
ਡਾ. ਗੁਣਵੰਤ ਕੌਰ ਬਰਾੜ, ਐਸੋ, ਪ੍ਰੋਫੈਸਰ
ਦੂਜਾ ਸਥਾਨ – ਜਸਪ੍ਰੀਤ ਕੌਰ ਪੰਜਾਬੀ ਅਧਿਆਪਕਾ

ਇਸ ਸਾਲ ਕਵਿਤਾ ਮੁਕਾਬਲੇ ਲਈ ਸ਼ਿਵਾਲਿਕ ਪਬਲਿਕ ਸਕੂਲ ਫੇਜ਼ 6, ਮੁਹਾਲੀ ਚੁਣਿਆ ਗਿਆ। ਪੁਰਸਕਾਰਾਂ'ਚ ਨਕਦ ਰਾਸ਼ੀ, ਸਨਮਾਨ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਪੁਸਤਕਾਂ ਦਿਤੀਆਂ ਗਈਆਂ। ਸੱਥ ਦੇ ਸਾਲਾਨਾ ਸਨਮਾਨ ਸਮਾਗਮ 24 ਨਵੰਬਰ, 2024 ਮੌਕੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੁਕਾਬਲੇ ਨੂੰ ਪ੍ਰਾਰੰਭ ਕਰਨ ਵਾਲੇ ਸ. ਜਸਪਾਲ ਸਿੰਘ ਕੰਵਲ ਨੇ ਆਪਣੇ ਕੋਲੋਂ ਸਾਰੇ ਖਰਚ ਲਈ ਦਸ ਹਜ਼ਾਰ ਰੁਪਏ ਦਿੱਤੇ ਜਿਨ੍ਹਾਂ ਦਾ ਸੱਥ ਵੱਲੋਂ ਹਾਰਦਿਕ ਧੰਨਵਾਦ ਕੀਤਾ ਜਾਂਦਾ।

ਮੁਖੀ, ਪੁਆਧੀ ਪੰਜਾਬੀ ਸੱਥ, ਮੁਹਾਲੀ।

# ਦਾਨਸ਼ਵਰ, ਪਰ-ਉਪਕਾਰੀ, ਸਿੱਖਿਆ ਦਾ ਅਲੰਮਬਰਦਾਰ
# ਮਾਨਯੋਗ ਸ੍ਰੀ ਡੀ.ਐਸ. ਬੇਦੀ ਜੀ



ਸਨਮਾਨਯੋਗ ਸ੍ਰੀ ਡੀ.ਐਸ. ਬੇਦੀ ਜੀ, ਉਨ੍ਹਾਂ ਉੱਚ-ਦੁਮਾਲੜੀਆਂ ਸ਼ਖ਼ਸੀਅਤਾਂ 'ਚ ਗਿਣੇ ਜਾਂਦੇ ਹਨ ਜਿਨ੍ਹਾਂ ਨੇ ਸਮਾਜ-ਕੌਮ ਲਈ ਯਾਦਗਾਰੀ ਕਾਰਜ ਕਰਕੇ ਹਰਮਨ ਪਿਆਰਤਾ ਕਮਾਈ ਹੈ। ਸ਼੍ਰੀ ਬੇਦੀ ਜੀ ਦਾ ਪਿਛੋਕੜ ਲਹਿੰਦੇ ਪੰਜਾਬ (ਪਾਕਿਸਤਾਨ) ਦਾ ਹੈ। 1947 ਦੀ ਵੰਡ ਸਮੇਂ ਸੰਤਾਪ ਭੋਗ ਦਾ ਇਹ ਜ਼ਿਮੀਦਾਰ ਪਰਿਵਾਰ ਅੰਬਾਲੇ ਆ ਟਿਕਿਆ। ਆਪ ਜੀ ਦਾ ਜਨਮ 12 ਅਗਸਤ, 1939 ਨੂੰ ਪਿਤਾ ਸ. ਗੋਪਾਲ ਸਿੰਘ ਅਤੇ ਮਾਤਾ ਸਰਦਾਰਨੀ ਸੁਹਾਗਵੰਤੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਨੇ ਮੁਢਲੀ ਪੜ੍ਹਾਈ ਬੀ.ਏ. ਅਤੇ ਅਧਿਆਪਕ-ਟ੍ਰੇਨਿੰਗ ਅੰਬਾਲਾ ਕਾਲਜ ਤੋਂ ਪ੍ਰਾਪਤ ਕੀਤੀ। ਬਤੌਰ ਨਾਨ-ਮੈਡੀਕਲ ਸਾਇੰਸ ਅਧਿਆਪਕ, ਪੰਜ ਸਾਲ ਡਗਸਈ ਪਬਲਿਕ ਸਕੂਲ ਡਗਸਈ ਕੈਂਟ ਹਿਮਾਚਲ ਪ੍ਰਦੇਸ਼ ਵਿਖੇ ਸੇਵਾਵਾਂ ਨਿਭਾਈਆਂ। ਖੇਡਾਂ ਅਤੇ ਹੋਰ ਸਰਗਰਮੀਆਂ 'ਚ ਸ਼ੌਕ ਹੋਣ ਕਾਰਨ, ਆਪਨੇ ਫੁਟਬਾਲ ਦੇ ਰੈਫਰੀ ਵੱਜੋਂ ਸ਼ੋਭਾ ਖੱਟੀ। ਆਪ ਭਾਰਤ ਸਰਕਾਰ ਦੀ ਅੱਠਵੀਂ ਪੰਜ ਸਾਲਾ ਖੇਡਾਂ ਤੇ ਸਰੀਰਕ ਸਿੱਖਿਆ ਯੋਜਨਾਵਾਂ ਦੇ ਸਰਗਰਮ ਮੈਂਬਰ ਵੀ ਰਹੇ।

ਚੰਡੀਗੜ੍ਹ ਆ ਕੇ ਆਪ ਸਿੱਖਿਆ ਨੂੰ ਨਵੇਂ ਦਿਸਹੱਦੇ ਸਿਰਜਣ ਲਈ 1970 'ਚ ਸ਼ਿਵਾਲਿਕ ਐਜੂਕੇਸ਼ਨਲ ਸੁਸਾਇਟੀ ਦੇ ਮੋਢੀ ਮੈਂਬਰ ਬਣੇ। ਇੰਡੀਅਨ ਸਕੂਲਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਚੇਅਰਮੈਨ ਵੀ ਚੁਣੇ ਗਏ ਅਤੇ ਕਿੰਨੀਆਂ ਹੀ ਹੋਰ ਵਿੱਦਿਅਕ-ਸਕੂਲਾਂ ਤੇ ਕਮੇਟੀਆਂ ਨਾਲ ਆਪਦਾ ਸੰਪਰਕ ਰਿਹਾ। ਚੰਡੀਗੜ੍ਹ ਵਿਖੇ ਕਿਰਾਏ 'ਤੇ ਕੋਠੀ ਲੈ ਕੇ ਪੰਜ ਵਿਦਿਆਰਥੀਆਂ ਤੋਂ ਅਰੰਭ ਕੀਤਾ ਸਕੂਲ ਵਿਗਸਦਾ-ਵਿਗਸਦਾ ਮੁਹਾਲੀ ਫੇਜ਼ 6 ਵਿੱਚ ਜੜ੍ਹਾਂ ਫੜ ਗਿਆ। ਘਾਲਣਾ ਤੇ ਮਿਹਨਤ ਨੇ ਰੰਗ ਲਿਆਂਦਾ। ਚੰਡੀਗੜ੍ਹ, ਸੁਹਾਣਾ, ਪਟਿਆਲਾ ਅਤੇ ਨਵੇਂਸ਼ਹਿਰ ਸ਼ਿਵਾਲਿਕ ਸੰਸਥਾਵਾਂ ਪੰਜ ਵਿਦਿਆਰਥੀਆਂ ਤੋਂ ਪੰਜ ਸੰਸਥਾਵਾਂ ਦਾ ਰੂਪ ਧਾਰ ਗਈਆਂ ਜਿਨ੍ਹਾਂ 'ਚ ਲਗਪਗ ਦਸ ਹਜ਼ਾਰ ਵਿਦਿਆਰਥੀ ਅਤੇ ਚਾਰ ਸੌ ਦੇ ਕਰੀਬ ਸਟਾਫ਼-ਮੈਂਬਰ ਹਾਜ਼ਰੀ ਭਰ ਰਹੇ, ਵੱਡੇ ਕਾਫ਼ਲੇ ਦਾ ਸਮੂਹ ਬਣ ਗਏ ਹਨ। ਇਸ ਨੂੰ ਬੇਦੀ ਸਾਹਿਬ ਦੀ ਸਲੱਤਨਤ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ। ਵਿਦਿਆਰਥੀਆਂ ਲਈ ਹੋਸਟਲਾਂ ਦਾ ਪ੍ਰਬੰਧ ਵੇਖਣਯੋਗ ਹੈ।

Victory with Determination ਬੇਦੀ ਜੀ ਦੇ ਮਾਟੋ ਨੇ ਬੁਲੰਦੀਆਂ ਛੋਹੀਆਂ। ਆਪਦਾ ਸੁਪਨਾ ਸੀ ਕਿ ਅੰਗਰੇਜ਼ੀ ਮਾਧਿਅਮ ਦਾ ਕੋਐਜੂਕੇਸ਼ਨਲ ਸਕੂਲ ਪੁਆਧ ਖੇਤਰ 'ਚ ਖੋਲ੍ਹਿਆ ਜਾਵੇ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਵਿਰਾਸਤ ਨਾਲ ਚੰਡੀਗੜ੍ਹ-ਮੁਹਾਲੀ ਨੂੰ ਜੋੜਿਆ ਜਾ ਸਕੇ। ਯੂਨੀਵਰਸਿਟੀ ਪੱਧਰ ਦੀਆਂ ਪੰਜ ਸੰਸਥਾਵਾਂ ਦੇ ਉਸਰਈਏ, ਸ੍ਰੀ ਬੇਦੀ ਜੀ ਸੁਪਨਸਾਜ਼ ਸਨ ਜਿਹੜੇ ਹਰ ਵੇਲੇ ਸਿੱਖਿਆ ਖੇਤਰ ਦੀਆਂ ਸਮੱਸਿਆਵਾਂ ਦੇ ਫ਼ਿਕਰਮੰਦ-ਚਿੰਤਕ ਸਨ। ਹਰ ਮਸਲੇ ਨੂੰ ਗੰਭੀਰਤਾ ਨਾਲ ਹੱਲ ਕਰਨ

ਦੇ ਉਹ ਧਨੀ ਸਨ। ਧੀਮੇ ਬੋਲਾਂ ਨਾਲ ਵੱਡੀਆਂ ਗੁੰਝਲਾਂ ਨੂੰ ਖੋਲ੍ਹਣਾ, ਆਪ ਦੇ ਤਜਰਬਿਆਂ ਦਾ ਨਤੀਜਾ ਹੁੰਦਾ ਸੀ। ਆਪ ਦੀਆਂ ਸੰਸਥਾਵਾਂ ਸਰਕਾਰੀ, ਗ਼ੈਰ ਸਰਕਾਰੀ ਤੇ ਸਭਿਆਚਾਰਕ ਅਦਾਰਿਆਂ ਦੀਆਂ ਸਰਗਰਮੀਆਂ ਲਈ ਲੋਕ ਭਲਾਈ ਕੇਂਦਰਾਂ ਦਾ ਕੰਮ ਕਰਦੀਆਂ ਰਹੀਆਂ। ਦਰ ਆਏ ਨੂੰ, ਕਦੇ ਬੇਦੀ ਸਾਹਿਬ ਨੇ ਨਿਰਾਸ਼ ਨਹੀਂ ਕੀਤਾ ਪਰੰਤੂ ਅਨੁਸ਼ਾਸ਼ਨ ਦੀ ਪਾਲਣਾ ਮੁੱਖ ਹੁੰਦੀ ਸੀ। ਕੁਦਰਤ ਪ੍ਰੇਮੀ ਹੋਣ ਕਾਰਨ ਆਪ ਨੂੰ ਫੁੱਲ, ਬੂਟਿਆਂ ਤੇ ਰੁੱਖਾਂ ਨਾਲ ਅਥਾਹ ਪਿਆਰ ਸੀ ਜਿੱਥੇ ਹਰਿਆਲੀ, ਉੱਥੇ ਖੁਸ਼ਹਾਲੀ ਆਪ ਦਾ ਮੰਨਣਾ ਸੀ। ਆਪਣੇ ਸਟਾਫ਼ ਲਈ ਆਪ ਰੋਲ ਮਾਡਲ ਸਨ। ਸਹਿਜਤਾ ਅਤੇ ਸ਼ਹਿਨਸ਼ੀਲਤਾ ਗੁਰਮੁਖ ਸੁਭਾਅ ਵਾਲੀ ਸੀ। ਉਨ੍ਹਾਂ ਨਾਲ ਕਦਮਬੋਸੀ ਕਰਦਿਆਂ ਅਨੰਦ ਅਤੇ ਖੇੜਾ ਮਿਲਦਾ ਸੀ। ਧਰਤੀ ਦੀ ਨੇੜਤਾ ਤੇ ਅੰਬਰ ਦੀ ਉਡਾਰੀ ਦਾ ਸੰਕਲਪ ਉਨ੍ਹਾਂ ਦੀ ਰੂਹ 'ਚ ਵਸਿਆ ਹੋਇਆ ਸੀ।

ਸਿੱਖਿਆ ਪ੍ਰਣਾਲੀ 'ਚ ਨਵੇਂ-ਨਵੇਂ ਪ੍ਰਯੋਗ, ਢੰਗ ਤਰੀਕੇ ਅਤੇ ਆਧੁਨਿਕ ਤਕਨਾਲੋਜੀ ਦੇ ਨਾਲ-ਨਾਲ ਤੁਰਨਾ ਬੇਦੀ ਸਾਹਿਬ ਦੀ ਦੂਰ-ਦ੍ਰਿਸ਼ਟੀ ਦਾ ਸੁਪਨਾ ਰਿਹਾ। ਵਿਦਿਆਰਥੀਆਂ 'ਚ ਇਨਸਾਨੀਅਤ, ਨੈਤਿਕਤਾ, ਵਿਰਸੇ ਵਿਰਾਸਤ ਦੀ ਜਾਣਕਾਰੀ, ਆਪਸੀ ਸਦਭਾਵਨਾ, ਉਸਾਰੂ ਸੋਚ ਜਿਹੇ ਗੁਣਾਂ ਦੇ ਧਾਰਨੀ ਹੋਣ ਉੱਤੇ ਜ਼ੋਰ ਦਿੰਦੇ ਸਨ। ਗੁਰੂ ਅਤੇ ਸ਼ਗਿਰਦ ਦੇ ਰਿਸ਼ਤਿਆਂ 'ਚ ਅਪਣੱਤ ਪੈਦਾ ਕਰਨ ਦੀ ਭਾਵਨਾ ਨੂੰ ਕਾਇਮ ਰੱਖਣਾ ਜ਼ਰੂਰੀ ਸਮਝਦੇ ਸਨ। ਕੀ ਸਿੱਖਿਆ, ਕੀ ਖੇਡਾਂ, ਕੀ ਸਭਿਆਚਾਰਕ ਸਰਗਰਮੀਆਂ, ਕੀ ਸੰਚਾਰ ਸਾਧਨਾਂ ਆਦਿ ਨੂੰ ਵਿਗਸਤ ਕਰਾਉਣ ਲਈ ਸਦਾ ਤੱਤਪਰ ਰਹਿੰਦੇ ਸਨ। ਉੱਤਮ ਪ੍ਰਾਪਤੀਆਂ ਕਾਰਨ 1986 'ਚ ਆਪਦਾ ਇਹ ਸਕੂਲ ਸਪੋਰਟਸ ਅਥਾਰਟੀ ਆਫ਼ ਇੰਡੀਆ ਵੱਲੋਂ ਚੁਣਿਆ ਗਿਆ। ਆਪ ਦੇ ਇਹ ਸਕੂਲ ਸਿੱਖਿਆ ਦੀਆਂ ਅਜਿਹੀਆਂ ਟਕਸਾਲਾਂ ਹਨ ਜਿੱਥੋਂ ਸਿੱਖਿਆ ਗ੍ਰਹਿਣ ਕਰਕੇ ਸੈਂਕੜੇ ਵਿਦਿਆਰਥੀਆਂ ਨੇ ਉੱਚੇ-ਅਹੁਦਿਆਂ 'ਤੇ ਜਾ ਕੇ ਵੱਖੋ-ਵੱਖਰੇ ਖੇਤਰਾਂ 'ਚ ਨਾ ਕੇਵਲ ਪੰਜਾਬ ਤੇ ਭਾਰਤ ਸਗੋਂ ਵਿਦੇਸ਼ਾਂ ਵਿੱਚ ਨਾਮ ਰੌਸ਼ਨ ਕੀਤਾ। ਆਪ ਨੇ ਸਿੱਖਿਆ ਨੂੰ ਤਜ਼ਾਰਤ (Business) ਨਹੀਂ, ਲੋੜਵੰਦਾਂ ਲਈ ਚਾਨਣ-ਕੇਂਦਰ ਬਣਾਉਣ ਦਾ ਜਤਨ ਕੀਤਾ। ਵੱਡੇ ਆਦਰਸ਼ ਅਤੇ ਵੱਡੀਆਂ ਪ੍ਰਾਪਤੀਆਂ ਦੀ ਭੂਮਿਕਾ ਨਿਭਾਈ। ਦੇਸ ਕੌਮ ਲਈ ਹੀਰੇ ਤਰਾਸ਼ਣ ਦਾ ਕਾਰਜ ਕੀਤਾ।

ਬੇਦੀ ਸਾਹਿਬ ਦਾ 29 ਮਾਰਚ, 2024 ਨੂੰ ਵਿਦਾ ਹੋਣਾ ਬਹੁਤ ਅਚੰਭਤ ਅਤੇ ਦੁਖਦਾਈ ਹੈ। ਆਪ ਦੀਆਂ ਬੇਟੀਆਂ ਡਾ. ਗੁਰਕਿਰਨਜੀਤ ਕੌਰ ਨਲਵਾ, ਅਨੂਪਕਿਰਨ ਕੌਰ ਅਤੇ ਦਾਮਾਦ ਉੱਚ-ਅਹੁਦਿਆਂ ਤੇ ਸ਼ਸ਼ੋਭਿਤ ਆਪਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਪੁਰਜ਼ੋਰ ਜਤਨ ਕਰ ਰਹੇ ਹਨ। ਪਰਿਵਾਰ ਚੜ੍ਹਦੀ ਕਲਾ 'ਚ ਰਹੇ।

ਉਦਾਰਚਿਤ, ਮਿੱਠ-ਬੋਲੜੇ, ਦਿਆਲੂ, ਸੁਹਿਰਦ-ਦ੍ਰਿਸ਼ਟੀਵਾਨ, ਕਰਮਯੋਗੀ, ਸਿੱਖਿਆ ਦੇ ਉਜਾਲੇ ਤੇ ਉੱਘੇ ਸਾਸ਼ਕ ਸ੍ਰੀ ਡੀ.ਐਸ. ਬੇਦੀ ਜੀ ਨੂੰ ਪੁਆਧੀ ਪੰਜਾਬੀ ਸੱਥ ਮੁਹਾਲੀ 21ਵੇਂ ਸਾਲਾਨਾ ਸਨਮਾਨ ਸਮਾਗਮ ਮੌਕੇ ਆਪਦੀ ਮਿੱਠੀ ਯਾਦ ਨੂੰ ਨਮਨ ਕਰਦੀ, ਅਤੀ ਗੌਰਵ ਮਹਿਸੂਸ ਕਰ ਰਹੀ ਹੈ। ਉਨ੍ਹਾਂ ਦੇ ਸਹਿਯੋਗ ਲਈ ਪੁਆਧੀ ਪੰਜਾਬੀ ਸੱਥ ਸਦਾ ਰਿਣੀ ਰਹੇਗੀ।

ਮਨਮੋਹਨ ਸਿੰਘ ਦਾਊਂ

## ਪੁਆਧੀ ਪੰਜਾਬੀ ਸੱਥ ਵੱਲੋਂ ਸਨਮਾਨਿਤ ਕੀਤੀਆਂ ਜਾ ਚੁੱਕੀਆਂ ਸ਼ਖ਼ਸੀਅਤਾਂ

**ਵਰ੍ਹਾ 2004**

1. ਡਾ. ਕੇਸਰ ਸਿੰਘ ਕੇਸਰ – ਡਾ. ਐਮ.ਐਸ. ਰੰਧਾਵਾ ਪੁਰਸਕਾਰ
2. ਸ੍ਰੀ ਸੋਹਨ ਸਿੰਘ ਹੰਸ – ਸ਼ਹੀਦ ਕਾਂਸ਼ੀ ਰਾਮ ਪੁਰਸਕਾਰ
3. ਡਾ. ਐਸ.ਐਸ. ਕਿਸ਼ਨਪੁਰੀ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ

**ਵਰ੍ਹਾ 2005**

4. ਸ. ਸਰਦਾਰਾ ਸਿੰਘ – ਗਿਆਨੀ ਦਿੱਤ ਸਿੰਘ ਪੁਰਸਕਾਰ
5. ਸ੍ਰੀ ਰੱਬੀ ਬੈਰੋਂਪੁਰੀ – ਭਗਤ ਆਸਾ ਰਾਮ ਪੁਰਸਕਾਰ
6. ਸ੍ਰੀ ਅੰਗਰੇਜ਼ ਸਿੰਘ ਬਡਹੇੜੀ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
7. ਪ੍ਰੋ. ਜਗੀਰ ਕੌਰ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ

**ਵਰ੍ਹਾ 2006**

8. ਸ. ਪਰਵਿੰਦਰ ਸਿੰਘ - ਬੁੱਤ ਤਰਾਸ਼ – ਬਾਬਾ ਬੰਦਾ ਸਿੰਘ ਬਹਾਦਰ ਪੁਰਸਕਾਰ
9. ਸ. ਗੁਰਨਾਮ ਸਿੰਘ ਇੰਜੀ. (ਡੇਰਾਬਸੀ) – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
10. ਬੀਬੀ ਅਮਰਜੀਤ ਕੌਰ (ਪਟਿਆਲਾ) – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
11. ਡਾ. ਕਰਨੈਲ ਸਿੰਘ ਸੋਮਲ (ਨਿਬੰਧਕਾਰ) – ਸ. ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ

**ਵਰ੍ਹਾ 2007**

12. ਗਿਆਨੀ ਸੰਤ ਗੁਰਦੇਵ ਸਿੰਘ ਕਥਾ ਵਾਚਕ (ਮਾਣਿਕਪੁਰ ਕੱਲਰ) – ਜਥੇਦਾਰ ਆਤਮਾ ਸਿੰਘ ਸੰਤੇਮਾਜਰਾ ਗੁਰਮਤਿ ਪੁਰਸਕਾਰ
13. ਭਾਈ ਸ਼ਮਸ਼ੇਰ ਸਿੰਘ ਸਿੰਬਲ ਮਾਜਰਾ (ਸਮਾਜ ਸੇਵੀ) – ਸ. ਬਦਨ ਸਿੰਘ ਅਭੇਪੁਰ ਕਿਰਤੀ ਪੁਰਸਕਾਰ
14. ਪ੍ਰਿੰ. ਬਲਵੰਤ ਸਿੰਘ ਧਨੋਆ (ਘੜੂੰਆਂ), ਸਿੱਖਿਆ ਸਾਸ਼ਤ੍ਰੀ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
15. ਡਾ. ਰਵਿੰਦਰ ਕੌਰ ਗਿੱਲ (ਸਹੌੜਾਂ)-ਅਧਿਆਪਨ ਕਾਰਜ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
16. ਡਾ. ਜਗਜੀਤ ਸਿੰਘ ਖਾਨਪੁਰੀ (ਵਿਦਵਾਨ ਤੇ ਖੋਜੀ) – ਸ. ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ

**ਵਰ੍ਹਾ 2008**

17. ਸਸ਼ੀਪਾਲ ਜੈਨ (ਪੱਤਰਕਾਰ) – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
18. ਬੀਬੀ ਹਰਦੀਪ ਕੌਰ ਗਿੱਲ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
19. ਡਾ. ਚਰਨਜੀਤ ਕੌਰ – ਸ. ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ
20. ਭਾਈ ਹਰਦੀਪ ਸਿੰਘ – ਜਥੇਦਾਰ ਆਤਮਾ ਸਿੰਘ ਸੰਤੇਮਾਜਰਾ ਪੁਰਸਕਾਰ
21. ਜਥੇਦਾਰ ਗੁਰਦੇਵ ਸਿੰਘ ਕੁੰਭੜਾ – ਭਗਤ ਆਸਾ ਰਾਮ ਪੁਰਸਕਾਰ

**ਵਰ੍ਹਾ 2009**

22. ਡਾ. ਗੁਰਨਾਇਬ ਸਿੰਘ (ਪੰਜਾਬੀ ਯੂਨੀ. ਪਟਿਆਲਾ) – ਸ: ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ
23. ਲੋਕ ਕਲਾਕਾਰ ਬੀਰੂ ਭਰਿਆਈ – ਭਗਤ ਆਸਾ ਰਾਮ ਸੁਹਾਣਾ ਪੁਰਸਕਾਰ
24. ਸ੍ਰੀ ਜੀਤ ਰਾਮ ਸ਼ਰਮਾ ਅਧਿਆਪਕ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
25. ਖਿਡਾਰਨ - ਅਮਨਦੀਪ ਕੌਰ (ਡੀ.ਐਸ.ਪੀ.) – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
26. ਅਮਰੀਕਨ ਪੰਜਾਬੀ ਖੋਜੀ ਵਿਦਵਾਨ ਐਨ - ਮਰਫ਼ੀ – ਪ੍ਰਦੇਸੋਂ ਵਿਸ਼ੇਸ਼ ਮਹਿਮਾਨ ਪੁਰਸਕਾਰ

**ਵਰ੍ਹਾ 2010**

27. ਪ੍ਰਿੰ. ਗੁਰਦਾਤ ਸਿੰਘ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
28. ਕਵੀ ਗੁਰਬਚਨ ਸਿੰਘ ਅਜ਼ਾਦ – ਸ: ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ
29. ਲੇਖਕਾ ਰਾਜਿੰਦਰ ਕੌਰ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
30. ਗਾਇਕ ਕਲਾਕਾਰ ਈਦੂ ਸ਼ਰੀਫ – ਭਗਤ ਆਸਾ ਰਾਮ ਪੁਰਸਕਾਰ
31. ਪ੍ਰੋ. ਹਰਭਜਨ ਸਿੰਘ (ਭਾਗੂਮਾਜਰਾ) – ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਪੁਰਸਕਾਰ
32. ਬਾਬਾ ਸੇਵਾ ਸਿੰਘ ਕਥਾਵਾਚਕ – ਜਥੇਦਾਰ ਆਤਮਾ ਸਿੰਘ ਸੰਤੇਮਾਜਰਾ ਪੁਰਸਕਾਰ

**ਵਰ੍ਹਾ 2011**

33. ਸ. ਹਰਚੰਦ ਸਿੰਘ ਆਜ਼ਾਦ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
34. ਗਿਆਨੀ ਧਰਮ ਸਿੰਘ ਭੰਖਰਪੁਰ – ਸ: ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ
35. ਡਾ. ਸਤਪਾਲ ਕੌਰ ਗਰੇਵਾਲ (ਪ੍ਰਿੰਸੀਪਲ) – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
36. ਸ. ਸੁਰਜੀਤ ਸਿੰਘ ਸੁਰਜੀਤ – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ

**ਵਰ੍ਹਾ 2012**

37. ਮਾਸਟਰ ਸ਼ੇਰ ਸਿੰਘ ਪਿੰਡ ਝੀਗੜਾਂ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
38. ਡਾ. ਬਲਜੀਤ ਸਿੰਘ (ਆਲੋਚਕ ਚੰਡੀਗੜ੍ਹ) – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
39. ਸ੍ਰੀਮਤੀ ਸੁਰਜੀਤ ਕੌਰ (ਅੰਬਾਲਾ ਸ਼ਹਿਰ) – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
40. ਗ਼ਜ਼ਲਗੋ ਬਲਬੀਰ ਸਿੰਘ ਸੈਣੀ – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
41. ਪ੍ਰਿੰ: ਜੋਗਿੰਦਰ ਸਿੰਘ ਪਿੰਡ ਪੰਜਕੋਹਾ – ਮਾਸਟਰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ

**ਵਰ੍ਹਾ 2013**

42. ਮਾਸਟਰ ਦੀਦਾਰ ਸਿੰਘ (ਖਰੜ) – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
43. ਨਾਵਲਕਾਰ ਜਸਬੀਰ ਮੰਡ (ਜਾਪਾਨ) – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
44. ਡਾ. ਜਸਪਾਲ ਕੌਰ ਕਾਂਗ (ਚੰਡੀਗੜ੍ਹ) – ਸਰਦਾਰਨੀ ਜਸਮੇਰ ਕੌਰ ਕਿਸ਼ਨ ਪੁਰੀ- ਪੁਰਸਕਾਰ
45. ਗਿ. ਮਨਜੀਤ ਸਿੰਘ (ਗੁਰਦਿੱਤਪੁਰਾ) – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
46. ਸ੍ਰੀ ਰਾਜਿੰਦਰ ਬਿਬਰਾ (ਅੰਬਾਲਾ ਸ਼ਹਿਰ) – ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ

**ਵਰ੍ਹਾ 2014**

47. ਗਿ. ਝੁਝਾਰ ਸਿੰਘ ਅਜ਼ਾਦ – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
48. ਡਾ. ਫ਼ਕੀਰ ਚੰਦ ਸ਼ੁਕਲਾ – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
49. ਪ੍ਰਿੰ. ਦਵਿੰਦਰ ਕੌਰ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
50. ਸ. ਗੁਰਦਾਸ ਸਿੰਘ ਨਿਰਮਾਣ – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
51. ਗੀਤਕਾਰ ਜਿੰਦ ਸੁਆੜਾ – ਮਾਸਟਰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
52. ਸ. ਬਲਬੀਰ ਸਿੰਘ ਢੋਲ P.C.S. – ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ
53. ਡਾ. ਜਸਪਾਲ ਸਿੰਘ, ਵੀ.ਸੀ. ਪੰਜਾਬੀ ਯੂਨੀ. ਪਟਿਆਲਾ – ਡਾ. ਅਮਰਜੀਤ ਸਿੰਘ ਕਾਂਗ ਪੁਰਸਕਾਰ

**ਵਰ੍ਹਾ 2015**

54. ਡਾ. ਦਰਸ਼ਨ ਸਿੰਘ ਚੰਡੀਗੜ੍ਹ – ਗਿ. ਗੁਰਚਰਨ ਸਿੰਘ ਪੁਰਸਕਾਰ
55. ਸ. ਜਸਵਿੰਦਰ ਸਿੰਘ ਨਈਅਰ – ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ
56. ਡਾ. ਐਮ.ਪੀ. ਸਿੰਘ (ਪ੍ਰਿੰ:) – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
57. ਡਾ. ਭੁਪਿੰਦਰ ਕੌਰ – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
58. ਲੈਕਚਰਾਰ ਹਰਿੰਦਰ ਕੌਰ – ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ
59. ਬਾਈ ਅਮਰਜੀਤ ਗਾਇਕ – ਸਰਦਾਰ ਹਰਚੰਦ ਸਿੰਘ ਪਟਵਾਰੀ ਪੁਰਸਕਾਰ
60. ਸ਼੍ਰੀ ਦਰਸ਼ਨ ਸਿੰਘ ਖੇੜੀ – ਮਾਸਟਰ ਗੁਰਚਰਨ ਸਿੰਘ ਸ਼ਕਰੁੱਲਾਪੁਰ ਪੁਰਸਕਾਰ

**ਵਰ੍ਹਾ 2016**

61. ਡਾ. ਐਸ.ਐਸ. ਗਿੱਲ – ਗਿ. ਗੁਰਚਰਨ ਸਿੰਘ ਪੁਰਸਕਾਰ
62. ਸ੍ਰੀ ਰਵਿੰਦਰ ਸਿੰਘ I.A.S. – ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ
63. ਗਿ. ਰਾਮ ਸਿੰਘ (ਨੰਡਿਆਲੀ) – ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
64. ਡਾ. ਉਮਾ ਸੇਠੀ – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
65. ਗੀਤਕਾਰ ਲਾਭ ਸਿੰਘ ਚਤਾਮਲੀ – ਸਰਦਾਰ ਹਰਚੰਦ ਸਿੰਘ ਪਟਵਾਰੀ ਪੁਰਸਕਾਰ
66. ਕਹਾਣੀਕਾਰ ਸਰੂਪ ਸਿਲਆਲਵੀ – ਮਾਸਟਰ ਗੁਰਚਰਨ ਸਿੰਘ ਸ਼ਕਰੁੱਲਾਪੁਰ ਪੁਰਸਕਾਰ

**ਵਰ੍ਹਾ 2017**

67. ਸਰਦਾਰਨੀ ਗੁਰਬਚਨ ਕੌਰ – ਗਿ. ਗੁਰਚਰਨ ਸਿੰਘ ਪੁਰਸਕਾਰ
68. ਭਾਈ ਹਰਿਸਿਮਰਨ ਸਿੰਘ – ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ
69. ਨੰਬਰਦਾਰ ਗੁਰਿੰਦਰ ਸਿੰਘ ਰਤਨਗੜ੍ਹ – ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
70. ਸ. ਭਗਵੰਤ ਸਿੰਘ ਬਧੌਛੀ ਕਲਾਂ – ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
71. ਸ. ਗੁਰਚਰਨ ਸਿੰਘ ਅੰਬਾਲਾ ਕੈਂਟ – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
72. ਪ੍ਰਿੰ. ਬਹਾਦਰ ਸਿੰਘ ਗੋਸਲ – ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ

**ਵਰ੍ਹਾ 2018**

73. ਗਿ. ਸੁਖਦੇਵ ਸਿੰਘ ਰਤਨਾਗਰ (ਕਥਾ ਵਾਚਕ/ਲੇਖਕ) – ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ
74. ਸ੍ਰੀ ਚਰਨ ਸਿੰਘ ਦਿਆਲਪੁਰਾ ਸੋਢੀਆਂ (ਲੋਕ ਗਾਇਕ) – ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ

75. ਭਾਈ ਪ੍ਰੀਤਪਾਲ ਸਿੰਘ, ਅੰਬਾਲਾ (ਸਮਾਜ ਸੇਵੀ) – ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
76. ਡਾ. ਗੁਰਪ੍ਰੀਤ ਸਿੰਘ ਲਹਿਲ (ਪੰਜਾਬੀ ਕੰਪਿਊਟਰ ਮਾਹਿਰ) – ਸ੍. ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ
77. ਡਾ. ਜਸਪਾਲ ਜੱਸੀ (ਗਾਇਕ–ਲੇਖਕ) – ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
78. ਡਾ. ਇਕਬਾਲ ਸਿੰਘ ਢਿੱਲੋਂ (ਖੋਜੀ–ਵਿਦਵਾਨ) – ਗਿ. ਗੁਰਚਰਨ ਸਿੰਘ ਗੁਰਮਤਿ ਪੁਰਸਕਾਰ

**ਵਰ੍ਹਾ 2019**

79. ਪ੍ਰਿੰ. ਨਸੀਬ ਸਿੰਘ ਸੇਵਕ (ਕਲੌੜ) - ਸਾਹਿਤਕਾਰ ਗੁਰਬਖਸ਼ ਸ਼ਿੰਘ ਕੇਸਰੀ ਪੁਰਸਕਾਰ
80. ਸ੍ਰੀਮਤੀ ਰਣਧੀਰ ਕੌਰ (ਸੰਤੇਮਾਜਰਾ) - ਮਾਤਾ ਮਹਿੰਦਰ ਕੌਰ ਪੁਰਸਕਾਰ
81. ਸ੍ਰੀ ਅਵਤਾਰ ਸਿੰਘ (ਤੀੜਾ) - ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
82. ਡਾ. ਰਾਜਿੰਦਰ ਸਿੰਘ ਕੰਬੋਜ (ਬੂਹਾ) - ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
83. ਭਾਈ ਗੁਰਦੀਪ ਸਿੰਘ ਦੀਪ (ਬੋਹ) - ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ
84. ਚਿੱਤਰਕਾਰ ਹਾਕਮ ਸਿੰਘ (ਮੋਰਿੰਡਾ) - ਗਿ.. ਰਤਨ ਸਿੰਘ ਸਹੌੜਾਂਵਾਲਾ ਪੁਰਸਕਾਰ
85. ਢਾਡੀ ਮਲਕੀਤ ਸਿੰਘ ਬੀ. ਏ. (ਤਸਿੰਬਲੀ) - ਢਾਡੀ ਪ੍ਰੀਤਮ ਸਿੰਘ ਪੁਰਸਕਾਰ
86. ਡਾ. ਸਤੀਸ਼ ਕੁਮਾਰ ਵਰਮਾ (ਪਟਿਆਲਾ) - ਗਿ, ਗੁਰਚਰਨ ਸਿੰਘ ਅੰਮ੍ਰਿਤਸਰ ਪੁਰਸਕਾਰ

**ਵਰ੍ਹਾ 2020**

87. ਡਾ. ਗੁਰਬਚਨ ਸਿੰਘ ਮਾਵੀ - ਗਿ.. ਰਤਨ ਸਿੰਘ ਸਹੌੜਾਂਵਾਲਾ ਪੁਰਸਕਾਰ
88. ਸ. ਕੇਸਰ ਸਿੰਘ ਬੈਦਵਾਨ (ਮੁਹਾਲੀ) – ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
89. ਗੀਤਕਾਰ ਫਕੀਰ ਮੌਲੀਵਾਲਾ (ਮੌਲੀ) – ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
90. ਢਾਡੀ ਅਮਰ ਸਿੰਘ ਨੂਰ (ਮਛੌਡਾਂ) - ਢਾਡੀ ਪ੍ਰੀਤਮ ਸਿੰਘ ਪੁਰਸਕਾਰ
91. ਪ੍ਰਿੰ. ਰੇਨੂ ਬਾਲਾ (ਜ਼ੀਰਕਪੁਰ) - ਮਾ. ਰਘਬੀਰ ਸਿੰਘ ਬੈਦਵਾਨ (ਮਟੌਰ) ਪੁਰਸਕਾਰ

**ਵਰ੍ਹਾ 2021**

92. ਸ੍ਰੀ ਮੇਹਰ ਸਿੰਘ, ਸਫਲ ਕਿਸਾਨ/ ਨੇਕ ਆਗੂ (ਥੇੜੀ) ਨੂੰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
93. ਸ੍ਰੀ ਜਸਪਾਲ ਸਿੰਘ ਤਾਨ, ਢਾਡੀ/ ਕਥਾਵਾਚਕ (ਖੇੜੀ) ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ
94. ਸ੍ਰੀ ਹਰਪ੍ਰੀਤਇੰਦਰ ਸਿੰਘ, ਸਿੱਖਿਆ ਸਾਸ਼ਤਰੀ/ਕੁਸ਼ਲ ਪ੍ਰਬੰਧਕ (ਜਟਾਣਾ) ਨੂੰ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
95. ਸ੍ਰੀ ਕੇਵਲ ਸਿੰਘ ਰਾਣਾ, ਪੱਤਰਕਾਰ/ਸਮਾਜ ਸੇਵੀ (ਮੋਹਾਲੀ) ਨੂੰ ਗਿ. ਰਤਨ ਸਿੰਘ ਸਹੌੜਾਂਵਾਲਾ ਪੁਰਸਕਾਰ
96. ਸ੍ਰੀ ਸਾਧੂ ਸਿੰਘ, ਲੋਕਨਾਇਕ/ਪੰਜਾਬੀ ਹਿਤੈਸ਼ੀ (ਸਰਾਂਰੰਗਪੁਰ) ਨੂੰ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ
97. ਸ੍ਰੀਮਤੀ ਗੁਰਮੁਖੀ ਦੇਵੀ, ਆਦਰਸ਼ਕ ਅਧਿਆਪਕਾ (ਰੋਪੜ) ਨੂੰ ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ
98. ਬੀਬਾ ਅਨੁਰੀਤਪਾਲ ਕੌਰ, ਅਲਗੋਜ਼ਾਵਾਦਕ/ਸਿੱਖੀ ਗੌਰਵ, (ਮੋਹਾਲੀ) ਨੂੰ ਬਾਬਾ ਪ੍ਰਤਾਪ ਸਿੰਘ ਬੈਦਵਾਨ ਪੁਰਸਕਾਰ


**ਵਰ੍ਹਾ 2022**

99. ਬੀਬਾ ਹਰਪ੍ਰੀਤ ਕੌਰ (ਛੱਤ) - ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
100. ਭਾਈ ਬਲਦੇਵ ਸਿੰਘ (ਪੋਪਨਿਆਂ) - ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ
101. ਲੇਖਕ ਸ਼ਮਸ਼ੇਰ ਸਿੰਘ ਡੂਮੇਵਾਲ - ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
102. ਢਾਡੀ ਗੁਰਨਾਮ ਸਿੰਘ ਮੋਹੀ - ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ
103. ਸ. ਸਤਨਾਮ ਸਿੰਘ (ਜੜ੍ਹ ਖੇਲਾਂ ਖੇੜੀ) - ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ
104. ਸ. ਨਿਰਮਲ ਸਿੰਘ (ਤੰਗੋਰੀ) - ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ
105. ਸ. ਨਰਿੰਦਰ ਸਿੰਘ ਬੈਦਵਾਨ (ਸੋਹਾਣਾ) - ਭਗਤ ਆਸਾ ਰਾਮ ਪੁਰਸਕਾਰ

**ਵਰ੍ਹਾ 2023**

106. ਡਾ. ਸਤਿਬੀਰ ਸਿੰਘ ਗੋਸਲ (ਮਜਾਤੜੀ) - ਸ. ਸਰੂਪ ਸਿੰਘ ਨੰਬਰਦਾਰ ਪੁਰਸਕਾਰ
107. ਕਰਨਲ ਸ਼ਮਸੇਰ ਸਿੰਘ ਧਨੋਆ (ਮੁਹਾਲੀ) - ਸ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ
108. ਸ੍ਰੀ ਅਸ਼ੋਕ ਕੁਮਾਰ (ਬਜਹੇੜੀ) - ਸ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ
109. ਸ. ਸਵਰਨ ਸਿੰਘ (ਢੰਗਰਾਲੀ) - ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
110. ਢਾਡੀ ਲਖਵਿੰਦਰ ਸਿੰਘ ਪਾਰਸ (ਰਜੋਲੀ) - ਢਾਡੀ ਪ੍ਰੀਤਮ ਸਿੰਘ ਕਨੌੜ ਪੁਰਸਕਾਰ
111. ਡਾ. ਜਸਮੀਨ ਕੌਰ ਧਨੋਆ (ਰੁਪਾਲਹੇੜੀ) - ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ
112. ਸ. ਤਾਰਾ ਸਿੰਘ (ਸ਼ਾਹਪੁਰ) - ਜੱਥੇਦਾਰ ਅੰਗਰੇਜ ਸਿੰਘ ਬਡਹੇੜੀ ਪੁਰਸਕਾਰ
113. ਕਲਾਕਾਰ ਰਾਜਿੰਦਰ ਸਿੰਘ (ਧਨਾਸ) - ਭਗਤ ਆਸਾ ਰਾਮ ਸੋਹਾਣਾ ਪੁਰਸਕਾਰ

# 20 ਵਰ੍ਹਿਆਂ ਦਾ ਪੁਆਧੀ ਪੰਜਾਬੀ ਸੱਥ ਦਾ ਪੰਧ



2004 ਵਿੱਚ 'ਪੁਆਧੀ ਪੰਜਾਬੀ ਸੱਥ' ਦੀ ਸਥਾਪਨਾ ਡਾ. ਨਿਰਮਲ ਸਿੰਘ ਲਾਂਬੜਾ ਅਤੇ ਸ. ਮੋਤਾ ਸਿੰਘ ਸਰਾਏ ਐਡਵੋਕੇਟ (ਇੰਗਲੈਂਡ) ਦੇ ਉੱਦਮ ਸਦਕਾ ਹੋਈ। ਮੈਨੂੰ ਇਸ ਸੱਥ ਦੀ ਜ਼ਿੰਮੇਵਾਰੀ ਸੌਂਪੀ ਗਈ। ਉਦੇਸ਼ਾਂ ਦੀ ਪੂਰਤੀ ਲਈ ਇਸ ਦਾ ਸਥਾਪਨਾ ਦਿਵਸ ਤੇ ਸਨਮਾਨ-ਸਮਾਗਮ 14 ਨਵੰਬਰ, 2004 ਨੂੰ ਪੈਰਾਗਾਨ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 71, ਮੁਹਾਲੀ ਵਿਖੇ ਆਯੋਜਿਤ ਕੀਤਾ ਗਿਆ। ਇਸ ਤੋਂ ਪਹਿਲਾਂ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਪੰਜਾਬੀ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸਥਾਨਕ 11 ਸਕੂਲਾਂ ਦੇ 22 ਵਿਦਿਆਰਥੀਆਂ ਨੇ ਭਾਗ ਲਿਆ ਤੇ ਇਹ ਪ੍ਰਤਿਯੋਗਤਾ ਮੁਕਾਬਲਾ ਸੰਤ ਈਸ਼ਰ ਸਿੰਘ ਪਬਲਿਕ ਸਕੂਲ, ਫ਼ੇਜ਼ 7, ਮੁਹਾਲੀ ਵਿਖੇ ਮਿਤੀ 9.11.04 ਨੂੰ ਕਰਵਾਇਆ ਜਿਸਦੀ ਪ੍ਰਧਾਨਗੀ ਸਰਦਾਰਨੀ ਹਰਦੀਪ ਕੌਰ ਗਿੱਲ (ਡਾਇਰੈਕਟਰ ਸਥਾਨਕ ਸਕੂਲ) ਨੇ ਕੀਤੀ। ਸਨਮਾਨ ਸਮਾਗਮ (14.11.04) 'ਤੇ ਇਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਪ੍ਰਦਾਨ ਕੀਤੇ ਗਏ।

(2004) <u>ਪਹਿਲੇ ਸਨਮਾਨ-ਸਮਾਗਮ</u> ਮੌਕੇ ਡਾ. ਨਿਰਮਲ ਸਿੰਘ, ਸਕੱਤਰ ਪੰਜਾਬੀ ਸੱਥ ਲਾਂਬੜਾ-ਜਲੰਧਰ (ਸਰਪ੍ਰਸਤ, ਪੁਆਧੀ ਪੰਜਾਬੀ ਸੱਥ) ਨੇ ਸੱਥਾਂ ਦੇ ਉਦੇਸ਼ਾਂ ਦੇ ਪਰਿਪੇਖ ਵਿੱਚ ਯਾਦਗਾਰੀ ਕੁੰਜੀਵਤ ਭਾਸ਼ਣ ਦਿੱਤਾ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਕਰਨੈਲ ਸਿੰਘ ਥਿੰਦ ਨੇ ਕੀਤੀ। ਮੁੱਖ ਮਹਿਮਾਨ ਵੱਜੋਂ ਸ. ਮੋਤਾ ਸਿੰਘ ਸਰਾਏ (ਇੰਗਲੈਂਡ) ਹਾਜ਼ਰ ਹੋਏ। ਪ੍ਰੋਗਰਾਮ ਕਨਵੀਨਰ ਵੱਜੋਂ ਸ੍ਰ. ਬੀ.ਐਸ. ਸ਼ੇਰਗਿੱਲ, ਡਾਇਰੈਕਟਰ, ਪੈਰਾਗਾਨ ਸੀ.ਸੈ. ਸਕੂਲ, ਸੈਕਟਰ 71, ਮੁਹਾਲੀ ਨੇ ਲਾਮਿਸਾਲ ਸਹਿਯੋਗ ਦੇ ਕੇ ਸੱਥ ਦਾ ਮਾਣ ਵਧਾਇਆ। ਸਾਲ 2004 ਦੇ ਪੁਰਸਕਾਰ ਇਸ ਮੌਕੇ ਦਿੱਤੇ ਗਏ। ਇਨ੍ਹਾਂ ਪੁਰਸਕਾਰਾਂ ਵਿੱਚ 2100/- ਰੁ: ਦੀ ਰਾਸ਼ੀ, ਸਨਮਾਨ-ਚਿੰਨ੍ਹ, ਸਰੋਪਾ ਤੇ ਪੁਸਤਕਾਂ ਦੇ ਕੇ ਸ਼ਖ਼ਸ਼ੀਅਤਾਂ ਨੂੰ ਅਲੰਕ੍ਰਿਤ ਕੀਤਾ ਗਿਆ।

1. ਡਾ. ਐਮ. ਐਸ. ਰੰਧਾਵਾ ਪੁਰਸਕਾਰ –
   ਡਾ. ਕੇਸਰ ਸਿੰਘ ਕੇਸਰ ਨੂੰ (ਵਿਦਵਾਨ ਤੇ ਆਲੋਚਕ)
2. ਸ਼ਹੀਦ ਕਾਂਸ਼ੀ ਰਾਮ ਪੁਰਸਕਾਰ –
   ਸ੍ਰੀ ਸੋਹਨ ਸਿੰਘ ਹੰਸ ਨੂੰ (ਪੁਆਧੀ-ਲੇਖਕ)
3. ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ–
   ਡਾ. ਐਸ.ਐਸ. ਕਿਸ਼ਨਪੁਰੀ ਨੂੰ (ਸਿੱਖਿਆ ਸਾਸ਼ਤ੍ਰੀ)

ਇਸ ਮੌਕੇ ਸਬੰਧਿਤ ਸਨਮਾਨਿਤ ਸ਼ਖ਼ਸ਼ੀਅਤਾਂ ਬਾਰੇ ਪਰਚੇ ਪੜ੍ਹੇ ਗਏ। ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਤੇ ਸੱਥ ਦੇ ਕੰਮ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਐਸ.ਐਸ. ਕਿਸ਼ਨਪੁਰੀ ਨੇ 2005 ਤੋਂ ਆਪਣੀ ਸੁਪਤਨੀ ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਦੀ ਯਾਦ ਵਿਚ ਪੁਰਸਕਾਰ ਦੇਣ ਦੀ ਵਚਨਬਧਤਾ ਦਾ ਐਲਾਨ ਕੀਤਾ। ਸੱਥ ਦੇ ਉਦੇਸ਼ਾਂ ਤੇ ਸਮਾਗਮ ਦੇ ਸਬੰਧ ਵਿੱਚ, ਇੱਕ ਖ਼ੂਬਸੂਰਤ ਸੌਵੀਨਰ ਰਿਲੀਜ਼ ਕੀਤਾ ਗਿਆ। ਸਮਾਗਮ ਦੀ ਭਰਪੂਰ ਹਾਜ਼ਰੀ ਵਿੱਚ ਦੂਰੋਂ-ਨੇੜਿਓਂ ਉੱਘੀਆਂ ਸ਼ਖ਼ਸ਼ੀਅਤਾਂ ਹਾਜ਼ਰ ਹੋਈਆਂ।

(2005) <u>ਦੂਜਾ ਸਾਲਾਨਾ ਸਨਮਾਨ-ਸਮਾਗਮ</u> 4 ਦਸੰਬਰ, 2005 ਨੂੰ ਸ਼ਿਵਾਲਿਕ ਪਬਲਿਕ ਸਕੂਲ, ਫ਼ੇਜ਼-6, ਮੁਹਾਲੀ ਵਿਖੇ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ-ਮੰਡਲ ਵਿੱਚ ਡਾ. ਨਿਰਮਲ ਸਿੰਘ ਲਾਂਬੜਾ-ਜਲੰਧਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਮਦਨ ਅਰੋੜਾ ਅਤੇ ਸ੍ਰੀ ਸੀ.ਆਰ ਮੌਦਗਿੱਲ ਸ਼ਾਮਲ ਹੋਏ। ਇਸ ਮੌਕੇ ਗਿ. ਦਿੱਤ ਸਿੰਘ ਪੁਰਸਕਾਰ, 'ਗੁਰਬਾਣੀ ਇਸ ਜਗ ਮਹਿ ਚਾਨਣੁ' ਦੇ ਸੰਪਾਦਕ-ਵਿਦਵਾਨ-ਖੋਜੀ ਸ. ਸਰਦਾਰਾ ਸਿੰਘ ਨੂੰ, ਭਗਤ ਆਸਾ ਰਾਮ ਗਾਇਕ ਪੁਰਸਕਾਰ, ਪੁਆਧੀ ਅਖਾੜਾ ਪਰੰਪਰਾ ਅਤੇ ਗਾਇਕੀ ਦੇ ਕਲਾਕਾਰ ਸ੍ਰੀ ਰੱਬੀ ਬੈਰੋਂਪੁਰੀ ਨੂੰ, ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ-ਚੰਡੀਗੜ੍ਹ ਦੇ ਪਿੰਡਾਂ ਦੀ ਧੜਕਨ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਨੂੰ ਅਤੇ ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ ਸਿੱਖਿਆ ਤੇ ਅਧਿਆਪਨ ਨੂੰ ਸਮਰਪਿਤ ਪ੍ਰੋ. ਜਗੀਰ ਕੌਰ ਸੋਮਲ ਨੂੰ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੋਵੀਨਰ ਵੀ ਰਿਲੀਜ਼ ਕੀਤਾ ਗਿਆ ਅਤੇ ਵਿਦਵਾਨਾਂ ਨੇ ਮੁੱਲਵਾਨ ਵਿਚਾਰਾਂ ਸਾਂਝੀਆਂ ਕੀਤੀਆਂ। ਸਮਾਗਮ ਦੀ

ਸਫਲਤਾ ਲਈ ਸ੍ਰੀ ਡੀ.ਐਸ. ਬੇਦੀ, ਡਾਇਰੈਕਟਰ, ਸ਼ਿਵਾਲਿਕ ਪਬਲਿਕ ਸਕੂਲ ਮੁਹਾਲੀ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ। ਇਸ ਸਮਾਗਮ ਵਿੱਚ ਪੰਜਾਬ ਭਰ 'ਚੋਂ ਸੱਥਾਂ ਦੇ ਮੈਂਬਰਾਂ, ਲੇਖਕਾਂ, ਸਾਹਿਤਕਾਰਾਂ ਬੁੱਧਜੀਵੀਆਂ, ਪੁਆਧੀ ਪ੍ਰੇਮੀਆਂ ਨੇ ਭਰਵੀਂ ਹਾਜ਼ਰੀ ਭਰੀ ਤੇ ਸਮਾਗਮ ਦੀ ਹਰ ਪੱਖੋਂ ਪ੍ਰਸ਼ੰਸਾ ਕੀਤੀ।

ਸੱਥ ਨੇ ਆਪਣੇ ਪ੍ਰਥਮ ਸਮਾਗਮ 'ਚ ਐਲਾਨ ਨਾਮੇ ਦੀ ਵਚਨਬੱਧਤਾ ਨਿਭਾਉਂਦਿਆਂ, ਬਹੁਤ ਥੋੜ੍ਹੇ ਸਮੇਂ ਵਿੱਚ ਖੋਜ-ਭਰਪੂਰ ਪਲੇਠੀ ਤੇ ਮੁੱਲਵਾਨ ਮਿਆਰੀ ਪੁਸਤਕ 'ਪੁਆਧ ਦਰਪਣ' ਪੰਜਾਬੀ ਸੱਥ ਲਾਂਬੜਾ ਜਲੰਧਰ ਦੀ ਮਾਲੀ ਸਹਾਇਤਾ ਨਾਲ ਪੰਚਨਦ ਪ੍ਰਕਾਸ਼ਨਾ ਵੱਜੋਂ ਤਿਆਰ ਕਰਕੇ 23-4-2006 ਨੂੰ ਸ਼ਿਵਾਲਿਕ ਪਬਲਿਕ ਸਕੂਲ, ਫ਼ੇਜ਼-6, ਮੁਹਾਲੀ ਵਿਖੇ ਰਿਲੀਜ਼-ਸਮਾਗਮ ਆਯੋਜਿਤ ਕੀਤਾ ਜਿਸ ਨੂੰ ਸ. ਤਰਲੋਚਨ ਸਿੰਘ ਸੰਸਦ ਮੈਂਬਰ ਦਿੱਲੀ ਨੇ ਲੋਕ-ਅਰਪਿਤ ਕੀਤਾ। ਪ੍ਰਧਾਨਗੀ ਮੰਡਲ ਵਿਚ ਸ. ਗੁਰਨਾਮ ਸਿੰਘ ਇੰਜੀਨੀਅਰ ਡੇਰਾਬਸੀ, ਡਾ. ਕਰਨੈਲ ਸਿੰਘ ਥਿੰਦ, ਡਾ. ਨਿਰਮਲ ਸਿੰਘ ਲਾਂਬੜਾ ਤੇ ਡਾ. ਨਾਹਰ ਸਿੰਘ ਸ਼ਾਮਲ ਹੋਏ। ਡਾ. ਗੁਰਨਾਇਬ ਸਿੰਘ (ਪੰਜਾਬੀ ਯੂਨੀ. ਪਟਿਆਲਾ) ਨੇ ਪੁਸਤਕ 'ਤੇ ਪਰਚਾ ਪੜ੍ਹਿਆ। ਹੋਰ ਵਿਦਵਾਨਾਂ ਨੇ ਇਸ ਨੂੰ ਪੁਆਧ ਦੀ ਵਿਲੱਖਣ ਤੇ ਦਸਤਾਵੇਜ਼ੀ ਪੁਸਤਕ ਕਹਿਕੇ ਸਲਾਹਿਆ। ਸੱਥ ਦੀ ਇਸ ਪੁਸਤਕ ਦੀ ਅੰਤਰ-ਰਾਸ਼ਟੀ ਪੱਧਰ 'ਤੇ ਭਰਪੂਰ ਸ਼ਲਾਘਾ ਹੋਈ ਜੋ ਇੱਕ ਬਹੁਤ ਵੱਡੀ ਪ੍ਰਾਪਤੀ ਹੈ।

ਤੀਜਾ ਸਾਲਾਨਾ ਸਨਮਾਨ ਸਮਾਗਮ-2006 ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਕੀਤਾ ਗਿਆ। ਇਹ ਸਮਾਗਮ 12 ਨਵੰਬਰ, 2006 ਨੂੰ ਸ੍ਰੀ ਗੁਰੂਨਾਨਕ ਫਾਉਂਡੇਸ਼ਨ ਸਕੂਲ ਚੱਪੜ ਚਿੜੀ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਬੜੀ ਧੂਮ-ਧਾਮ ਨਾਲ ਆਯੋਜਿਤ ਕੀਤਾ ਗਿਆ। ਸ਼੍ਰੀਮਤੀ ਨਿਰਮਲ ਕੌਰ ਸਕੂਲ ਦੀ ਪ੍ਰਿੰਸੀਪਲ ਤੇ ਸਟਾਫ਼ ਨੇ ਪ੍ਰੰਸਸਾਯੋਗ ਸਹਿਯੋਗ ਦੇ ਕੇ ਸਮਾਗਮ ਦੀ ਸ਼ਾਨ ਵਧਾਈ। ਪ੍ਰਧਾਨਗੀ ਮੰਡਲ ਵਿਚ ਡਾ. ਨਿਰਮਲ ਸਿੰਘ ਲਾਂਬੜਾ, ਸ. ਮੋਤਾ ਸਿੰਘ ਸਰਾਏ ਐਡਵੋਕੇਟ (ਲੰਡਨ), ਪ੍ਰਿੰ. ਅਵਤਾਰ ਸਿੰਘ ਗਿੱਲ ਖਰੜ ਤੇ ਸ. ਹਰਨੇਕ ਸਿੰਘ ਘੜੂੰਆਂ, ਸਾਬਕਾ ਰਾਜ ਮੰਤਰੀ, ਪੰਜਾਬ ਸ਼ਾਮਲ ਹੋਏ। ਮੁੱਖ ਮਹਿਮਾਨ ਵਜੋਂ ਜਥੇਦਾਰ ਗੁਰਦਿਆਲ ਸਿੰਘ ਸੰਤੇਮਾਜਰਾ ਨੇ ਸੱਥ ਦੀ ਮਾਲੀ ਸਹਾਇਤਾ ਹੀ ਨਹੀਂ ਕੀਤੀ ਸਗੋਂ ਆਪਦੇ ਪੂਜਨੀਕ ਪਿਤਾ ਜਥੇਦਾਰ ਆਤਮਾ ਸਿੰਘ ਦੀ ਯਾਦ ਵਿੱਚ ਹਰ ਵਰ੍ਹੇ ਸੱਥ ਵੱਲੋਂ ਪੁਰਸਕਾਰ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਹਾਜ਼ਰ ਸਰੋਤਿਆਂ 'ਚੋਂ ਸ. ਅਜੈਬ ਸਿੰਘ ਅਭੇਪੁਰ (ਖਰੜ) ਨੇ ਵੀ ਆਪਣੇ ਸਤਿਕਾਰਯੋਗ ਪਿਤਾ ਸ. ਬਦਨ ਸਿੰਘ ਅਭੇਪੁਰ ਕਿਰਤੀ ਪੁਰਸਕਾਰ ਦੇਣ ਦਾ ਇਕਰਾਰ ਕੀਤਾ। ਇਸ ਸਨਮਾਨ ਵਿੱਚ ਸ. ਗੁਰਬਖ਼ਸ਼ ਸਿੰਘ ਕੇਸਰੀ ਸਾਹਿਤਕਾਰ ਪੁਰਸਕਾਰ -ਡਾ. ਕਰਨੈਲ ਸਿੰਘ ਸੋਮਲ ਨੂੰ, ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ - ਇੰਜਨੀਅਰ ਗੁਰਨਾਮ ਸਿੰਘ ਡੇਰਾਬਸੀ ਨੂੰ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ- ਬੀਬੀ ਅਮਰਜੀਤ ਕੌਰ (ਸਮਾਜ ਸੇਵੀ ਅਧਿਆਪਕਾ) ਅਤੇ ਬਾਬਾ ਬੰਦਾ ਸਿੰਘ ਬਹਾਦਰ ਪੁਰਸਕਾਰ- ਬੁੱਤ ਤਰਾਸ਼ ਪਰਵਿੰਦਰ ਸਿੰਘ ਕਲਾਕਾਰ ਨੂੰ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੱਥ ਦਾ ਸ਼ਾਨਦਾਰ ਸੋਵੀਨਰ ਲੋਕ ਅਰਪਨ ਕੀਤਾ ਗਿਆ। ਦੋਵੇਂ ਚੱਪੜ ਚਿੜੀ ਪਿੰਡ ਦੀਆਂ ਪੰਚਾਇਤਾਂ ਤੋਂ ਬਿਨਾਂ ਇਸ ਸਮਾਗਮ ਦੀ ਸਫ਼ਲਤਾ ਲਈ ਸ. ਜੋਰਾ ਸਿੰਘ ਭੁੱਲਰ ਸਾਬਕਾ ਸਰਪੰਚ ਚੱਪੜਚਿੜੀ ਅਤੇ ਸ. ਰ.ਸ. ਟਿਵਾਣਾ ਨੇ ਪ੍ਰੰਸਸਾ ਯੋਗ ਭੂਮਿਕਾ ਨਿਭਾਈ। ਭਾਰੀ ਇਕੱਠ ਵਿੱਚ ਦੂਰੋਂ ਨੇੜਿਓਂ ਆਏ ਲੇਖਕਾਂ, ਵਿਦਵਾਨਾਂ, ਕਲਾਕਾਰਾਂ, ਪਿੰਡਾਂ ਦੇ ਵਸਨੀਕਾਂ ਅਤੇ ਸਰੋਤਿਆਂ ਨੇ ਸਮਾਗਮ ਦੀ ਹੱਦੋਂ ਵੱਧ ਪ੍ਰਸ਼ੰਸਾ ਕੀਤੀ।

ਚੌਥਾ ਸਾਲਾਨਾ ਸਨਮਾਨ ਸਮਾਗਮ-2007 ਖਾਲਸਾ ਸੀ. ਸੈ. ਸਕੂਲ ਖਰੜ ਵਿਖੇ ਆਯੋਜਿਤ ਕੀਤਾ ਗਿਆ। ਪ੍ਰਧਾਨਗੀ-ਮੰਡਲ 'ਚ ਸ. ਮੋਤਾ ਸਿੰਘ ਸਰਾਏ ਐਡਵੋਕੇਟ (ਇੰਗਲੈਂਡ), ਡਾ. ਨਿਰਮਲ ਸਿੰਘ ਲਾਂਬੜਾਂ ਤੇ ਪ੍ਰਿੰ. ਅਵਤਾਰ ਸਿੰਘ ਗਿੱਲ ਤੇ ਪ੍ਰਿੰ. ਨਰਿੰਦਰ ਸਿੰਘ ਸ਼ਾਮਲ ਹੋਏ। ਸੰਸਥਾ ਦੇ ਵਿਦਿਆਰਥੀਆਂ ਨੇ ਸ਼ਬਦ-ਗਾਇਨ ਤੇ ਕਵੀਸ਼ਰੀ ਨਾਲ ਸਰੋਤਿਆਂ ਨੂੰ ਪ੍ਰਭਾਵਤ ਕੀਤਾ। ਮਨਮੋਹਨ ਸਿੰਘ ਦਾਊਂ ਨੇ ਜੀ ਆਇਆਂ ਆਖਦਿਆਂ ਸੱਥ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਤੇ ਸਨਮਾਨ ਪ੍ਰਾਪਤ ਕਰਨ ਵਾਲੀਆਂ ਸਖ਼ਸ਼ੀਅਤਾਂ ਬਾਰੇ ਚਾਨਣਾ ਪਾਇਆ। 2007 ਦਾ ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ- ਪ੍ਰਿੰ. ਬਲਵੰਤ ਸਿੰਘ ਧਨੋਆ (ਘੜੂੰਆਂ) ਨੂੰ, ਸ੍ਰ. ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ-ਡਾ. ਜਗਜੀਤ ਸਿੰਘ ਆਲੋਚਕ (ਖਾਨਪੁਰੀ) ਨੂੰ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ-ਡਾ. ਰਵਿੰਦਰ ਕੌਰ ਗਿੱਲ (ਸਹੌੜਾਂ) ਨੂੰ,

ਜੱਥੇਦਾਰ ਆਤਮਾ ਸਿੰਘ ਸੰਤੇਮਾਜਰਾ ਪੁਰਸਕਾਰ-ਸੰਤ ਗਿਆਨੀ ਗੁਰਦੇਵ ਸਿੰਘ ਮਾਨਿਕਪੁਰ ਕੱਲਰ ਨੂੰ ਅਤੇ ਸ੍ਰ. ਬਦਨ ਸਿੰਘ ਅਭੇਪੁਰ ਪੁਰਸਕਾਰ-ਭਾਈ ਸ਼ਮਸ਼ੇਰ ਸਿੰਘ (ਸਿੰਬਲਮਾਜਰਾ) ਸੇਵਾ ਸੰਸਥਾ ਪਡਿਆਲਾ ਨੂੰ ਪ੍ਰਦਾਨ ਕੀਤਾ। ਹਰ ਪੁਰਸਕਾਰ ਵਿੱਚ 3100/- ਰੁ: ਨਕਦ ਰਾਸ਼ੀ, ਲੋਈ, ਸਨਮਾਨ ਚਿੰਨ੍ਹ ਤੇ ਪੁਸਤਕਾਂ ਸ਼ਾਮਲ ਸਨ। ਇਸ ਮੌਕੇ ਸੱਥ ਦਾ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਸ. ਮੋਤਾ ਸਿੰਘ ਸਰਾਏ ਤੇ ਡਾ. ਨਿਰਮਲ ਸਿੰਘ ਨੇ ਪੁਆਧੀ ਸੱਥ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਦੂਰੋਂ ਨੇੜਿਓਂ ਉੱਘੀਆਂ ਸਖ਼ਸ਼ੀਅਤਾਂ ਨੇ ਸਿਰਕਤ ਕੀਤੀ। ਅਮਿੱਟ ਪੈੜਾਂ ਪਾਉਣ ਵਾਲੇ ਇਸ ਸਮਾਗਮ ਦਾ ਮੰਚ-ਸੰਚਾਲਨ ਬਾਖੂਬੀ ਪ੍ਰੋ. ਗੁਰਮੀਤ ਸਿੰਘ ਨੇ ਕੀਤਾ ਅਤੇ ਸਥਾਨਕ ਸਕੂਲ ਦੇ ਪ੍ਰਿੰ. ਅਵਤਾਰ ਸਿੰਘ ਗਿੱਲ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ।

<u>ਪੰਜਵਾਂ ਸਾਲਾਨਾ ਸਨਮਾਨ ਸਮਾਗਮ-2008</u> ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ 300 ਸਾਲਾ ਗੁਰਤਾ ਗੱਦੀ ਨੂੰ ਸਮਰਪਿਤ ਮਿਤੀ 30 ਨਵੰਬਰ, 2008 ਨੂੰ ਸੰਤ ਈਸ਼ਰ ਸਿੰਘ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫ਼ੇਜ਼-7, ਐਸ.ਏ.ਐਸ. ਨਗਰ, ਮੁਹਾਲੀ ਵਿਖੇ ਅਯੋਜਿਤ ਕੀਤਾ ਗਿਆ ਜਿਸ ਲਈ ਸਕੂਲ ਸੰਸਥਾ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਡਾ. ਗੁਰਮੀਤ ਸਿੰਘ ਬੈਦਵਾਣ ਦੀ ਪੁਸਤਕ 'ਰੰਗ ਪੁਆਧ ਕੇ' ਅਤੇ ਮਨਮੋਹਨ ਸਿੰਘ ਦਾਊਂ ਦੀ ਬਾਲ ਪੁਸਤਕ 'ਗਾਥਾ ਗੜ੍ਹੀ ਚਮਕੌਰ' ਲੋਕ-ਅਰਪਣ ਕੀਤੀਆਂ ਗਈਆਂ। ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਡਾ. ਨਿਰਮਲ ਸਿੰਘ (ਲਾਂਬੜਾ), ਡਾ. ਨਾਹਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ ਤੇ ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਨੇ ਸ਼ਿਰਕਤ ਕੀਤੀ।

ਵਰ੍ਹੇ (2008) 'ਚ ਪੰਜ ਸਖ਼ਸ਼ੀਅਤਾਂ ਨੂੰ ਉਨ੍ਹਾਂ ਦੀਆਂ ਵੱਖੋ-ਵੱਖ ਖੇਤਰਾਂ ਵਿਚ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ : ਸ੍ਰੀ ਸਸ਼ੀਪਾਲ ਜੈਨ (ਪੱਤਰਕਾਰ ਖਰੜ) ਨੂੰ ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਬੀਬੀ ਹਰਦੀਪ ਕੌਰ ਗਿੱਲ ਨੂੰ ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ, ਡਾ. ਚਰਨਜੀਤ ਕੌਰ ਨੂੰ ਸ. ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ, ਭਾਈ ਹਰਦੀਪ ਸਿੰਘ ਨੂੰ ਜੱਥੇਦਾਰ ਆਤਮਾ ਸਿੰਘ ਸੰਤੇਮਾਜਰਾ ਪੁਰਸਕਾਰ ਅਤੇ ਜੱਥੇਦਾਰ ਗੁਰਦੇਵ ਸਿੰਘ ਕੁੰਭੜਾ ਨੂੰ ਭਗਤ ਆਸਾ ਰਾਮ ਪੁਰਸਕਾਰ।

<u>ਛੇਵਾਂ ਸਲਾਨਾ ਸਨਮਾਨ ਸਮਾਗਮ</u> 22 ਨਵੰਬਰ, 2009 ਨੂੰ ਪੈਰਾਗਾਨ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 71, ਮੁਹਾਲੀ ਵਿਖੇ ਹੋਇਆ। ਇਸ ਵਰ੍ਹੇ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ ਡਾ. ਗੁਰਨਾਇਬ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਗਤ ਆਸਾ ਰਾਮ ਪੁਰਸਕਾਰ-ਲੋਕ-ਕਲਾਕਾਰ ਬੀਰੂਭਰਿਆਈ, ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ ਸ੍ਰੀ ਜੀਤ ਰਾਮ ਸ਼ਰਮਾ ਅਧਿਆਪਕ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ - ਖਿਡਾਰਨ ਅਮਨਦੀਪ ਕੌਰ ਡੀ.ਐਸ.ਪੀ. ਨੂੰ ਦਿੱਤਾ ਗਿਆ। ਇਸ ਸਮਾਗਮ ਵਿੱਚ ਪ੍ਰਦੇਸ਼ੋਂ ਵਿਸ਼ੇਸ਼ ਮਹਿਮਾਨ ਪੁਰਸਕਾਰ - ਅਮਰੀਕਨ ਪੰਜਾਬੀ ਖੋਜੀ ਵਿਦਵਾਨ ਸ੍ਰੀਮਤੀ ਐਨ. ਮਰਫ਼ੀ ਨੂੰ ਸੱਥ ਵੱਲੋਂ ਪ੍ਰਦਾਨ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਸ੍ਰੀ ਬਲਰਾਜ ਸਿੰਘ ਸ਼ੇਰਗਿੱਲ ਨੇ ਸ਼ਲਾਘਾ ਯੋਗ ਸਹਿਯੋਗ ਦਿੱਤਾ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ ਸੀ. ਆਰ. ਮੋਦਗਿੱਲ ਉੱਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਡਾ. ਮੁਖਤਿਆਰ ਸਿੰਘ ਦੀ ਪੁਸਤਕ— 'ਪੁਆਧੀ ਲੋਕ-ਗੀਤ' ਅਤੇ ਦਲਜੀਤ ਕੌਰ ਦਾਊਂ ਦੀ ਪੁਸਤਕ 'ਬਾਲ ਮਨ ਦੀਆਂ ਕਸਕਾਂ' ਲੋਕ-ਅਰਪਣ ਕੀਤੀਆਂ ਗਈਆਂ।

<u>ਸੱਤਵਾਂ ਸਾਲਾਨਾ ਸਨਮਾਨ ਸਮਾਗਮ</u> 28 ਨਵੰਬਰ, 2010 ਨੂੰ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੂਮਾਜਰਾ ਵਿਖੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੂੰ ਸਮਰਪਿਤ ਕੀਤਾ ਗਿਆ । ਮੁੱਖ ਮਹਿਮਾਨ ਸ੍ਰੀ ਕਾਹਨ ਸਿੰਘ ਪਨੂੰ ਡੀ. ਸੀ. ਅੰਮ੍ਰਿਤਸਰ ਸਾਹਿਬ ਤੇ ਵਿਸ਼ੇਸ਼ ਮਹਿਮਾਨ ਸ. ਰੁਪਿੰਦਰ ਸਿੰਘ ਅਤੇ ਪ੍ਰਧਾਨਗੀ ਮੰਡਲ ਵਿਚ ਡਾ ਕੇ.ਕੇ.ਰੱਤੂਡਾਇਰੈਕਟਰ, ਦੂਰਦਰਸ਼ਨ ਕੇਂਦਰ ਚੰਡੀਗੜ੍ਹ. ਡਾ. ਨਿਰਮਲ ਸਿੰਘ ਲਾਂਬੜਾ, ਡਾ. ਗੁਰਨਾਇਬ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਡਾ. ਐਮ. ਪੀ. ਸਿੰਘ ਪ੍ਰਿੰਸੀਪਲ, ਸਥਾਨਕ ਕਾਲਜ ਸ਼ਸ਼ੋਭਿਤ ਹੋਏ। ਇਸ ਵਰ੍ਹੇ ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ- ਪ੍ਰਿੰ. ਗੁਰਦਾਤ ਸਿੰਘ, ਸਾਹਿਤਕਾਰ ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ -ਲੋਕ ਕਵੀ ਗੁਰਬਚਨ ਸਿੰਘ ਅਜ਼ਾਦ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ -ਪੁਰਸਕਾਰ-ਲੇਖਕਾ ਰਾਜਿੰਦਰ ਕੌਰ, ਭਗਤ ਆਸਾ ਰਾਮ ਸੁਹਾਣਾ ਪੁਰਸਕਾਰ - ਕਲਾਕਾਰ ਗਾਇਕ ਈਦੂਸ਼ਰੀਫ, ਜੱਥੇਦਾਰ ਆਤਮਾ ਸਿੰਘ ਸੰਤੇਮਾਜਰਾ

ਪੁਰਸਕਾਰ ਬਾਬਾ ਮੇਵਾ ਸਿੰਘ ਕਥਾਵਾਚਕ ਤੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਪੁਰਸਕਾਰ - ਪ੍ਰੋ. ਹਰਭਜਨ ਸਿੰਘ ਭਾਗੂਮਾਜਰਾ ਨੂੰ ਦਿੱਤੇ ਗਏ। ਕਾਲਜ ਦੇ ਪ੍ਰਿੰਸੀਪਲ ਡਾ. ਐਮ. ਪੀ. ਸਿੰਘ ਤੇ ਉਨਾਂ ਦੇ ਸਟਾਫ ਨੇ ਭਰਪੂਰ ਸਹਿਯੋਗ ਦਿੱਤਾ। ਸਮਾਗਮ ਦੇ ਕਨਵੀਨਰ ਮਾਸਟਰ ਬਲਵਿੰਦਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ।

ਅੱਠਵਾਂ ਸਾਲਾਨਾ ਸਨਮਾਨ ਸਮਾਗਮ 27 ਨਵੰਬਰ, 2011 (ਐਤਵਾਰ) ਨੂੰ ਸ. ਬਲਰਾਜ ਸਿੰਘ ਸ਼ੇਰਗਿੱਲ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਮੁੱਖ ਮਹਿਮਾਨ ਸ੍ਰੀ ਵਰਿੰਦਰ ਕੁਮਾਰ ਸ਼ਰਮਾ I.A.S. ਐਸ.ਡੀ.ਐਮ., ਜੈਤੋ, ਡਾ. ਸਵਰਾਜ, ਉੱਘੇ-ਚਿੰਤਕ ਸ੍ਰੀ ਸੁੱਖਚੈਨ ਸਿੰਘ ਭੰਡਾਰੀ, ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਸ੍ਰੀ ਬਲਬੀਰ ਸਿੰਘ ਢੋਲ, P.C.S ਅਤੇ ਡਾ. ਨਿਰਮਲ ਸਿੰਘ ਲਾਂਬੜਾ ਸਸ਼ੋਭਤ ਹੋਏ। ਇਸ ਵਰ੍ਹੇ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ-ਗਿਆਨੀ ਧਰਮ ਸਿੰਘ ਭੰਖਰਪੁਰ, ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ-ਸ੍ਰੀ ਹਰਚੰਦ ਸਿੰਘ ਆਜ਼ਾਦ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ-ਡਾ. ਸਤਪਾਲ ਕੌਰ ਗਰੇਵਾਲ ਪ੍ਰਿੰਸੀਪਲ ਤੇ ਸ੍ਰੀ ਹਰਚੰਦ ਸਿੰਘ ਪਟਵਾਰੀ ਪੁਰਸਕਾਰ- ਸ਼ਾਇਰ ਸੁਰਜੀਤ ਸਿੰਘ ਸੁਰਜੀਤ ਨੂੰ ਪ੍ਰਦਾਨ ਕੀਤੇ ਗਏ। ਸਕੂਲ ਵੱਲੋਂ ਸ੍ਰੀਮਤੀ ਕੁਲਵੰਤ ਕੌਰ ਪ੍ਰਿੰਸੀਪਲ ਅਤੇ ਡਾਇਰੈਕਟਰ ਸ੍ਰ ਇਕਬਾਲ ਸਿੰਘ ਸ਼ੇਰਗਿੱਲ ਨੇ ਜਿੱਥੇ ਮਹਿਮਾਨ ਨਿਵਾਜ਼ੀ ਕੀਤੀ, ਉੱਥੇ ਸੱਥ ਦੇ ਸਮਾਗਮ ਲਈ ਹਰ ਤਰ੍ਹਾਂ ਸਹਿਯੋਗ ਦਿੱਤਾ। ਜਿਸ ਲਈ ਸੱਥ ਸਦਾ ਹੀ ਰਿਣੀ ਰਹੇਗੀ।

ਨੌਵਾਂ ਸਾਲਾਨਾ ਸਨਮਾਨ ਸਮਾਗਮ ●2 ਦਸੰਬਰ, 2012 (ਐਤਵਾਰ) ਨੂੰ ਅਣਖੀਲੀ ਰਾਣੀ ਸਾਹਿਬ ਕੌਰ ਅਤੇ ਮਰਦਾਂਪੁਰ ਜੰਗ (1794 ਸ.) 'ਚ ਸ਼ਹੀਦ ਹੋਏ ਸੂਰਬੀਰ ਜੋਧਿਆਂ ਨੂੰ ਸਮਰਪਿਤ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਰਦਾਂਪੁਰ (ਜ਼ਿਲ੍ਹਾ ਪਟਿਆਲਾ) ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਪਟਿਆਲਾ ਜ਼ਿਲ੍ਹੇ ਦੇ ਡੀ.ਸੀ. ਸਾਹਿਬ ਸ੍ਰੀ ਜੀ.ਕੇ. ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰਧਾਨਗੀ ਮੰਡਲ ਵਿੱਚ ਡਾ. ਨਿਰਮਲ ਸਿੰਘ ਲਾਂਬੜਾ, ਡਾ. ਕੇ.ਕੇ. ਰੱਤੂ, ਸ੍ਰੀ ਸੁਖਚੈਨ ਸਿੰਘ ਭੰਡਾਰੀ, ਡਾ. ਸਵਰਾਜ ਸਿੰਘ ਤੇ ਸਰਪੰਚ ਲਾਲ ਸਿੰਘ ਸ਼ਾਮਲ ਹੋਏ। ਮਾਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ ਮਾ. ਸ਼ੇਰ ਸਿੰਘ ਨੂੰ, ਸਾਹਿਤਕਾਰ ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ ਡਾ. ਬਲਜੀਤ ਸਿੰਘ ਨੂੰ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ, ਪੁਰਸਕਾਰ ਸ੍ਰੀਮਤੀ ਸੁਰਜੀਤ ਕੌਰ ਅੰਬਾਲਾ ਸ਼ਹਿਰ ਨੂੰ, ਸ੍ਰੀ ਹਰਚੰਦ ਸਿੰਘ ਪਟਵਾਰੀ ਪੁਰਸਕਾਰ, ਬਲਬੀਰ ਸਿੰਘ ਸੈਣੀ ਨੂੰ ਅਤੇ ਮਾਸਟਰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਪ੍ਰਿੰ: ਜੋਗਿੰਦਰ ਸਿੰਘ ਪੰਜਕੋਹਾ ਨੂੰ ਪ੍ਰਦਾਨ ਕੀਤੇ ਗਏ। ਸੱਥ ਦਾ ਸੋਵੀਨਰ, ਗਿ. ਧਰਮ ਸਿੰਘ ਭੰਖਰਪੁਰ ਦੀ ਪੁਸਤਕ 'ਕਥਾ ਪੁਰਾਤਨ ਪੁਆਧ ਕੀ' ਅਤੇ ਨਿਰੰਜਣ ਸਿੰਘ ਸੈਲਾਨੀ ਦੀ ਪੁਸਤਕ 'ਸ਼ਬਦ ਸੰਜੋਗ' ਲੋਕ ਅਰਪਣ ਕੀਤੀਆਂ ਗਈਆਂ, ਅਲੀ ਰਾਜਪੁਰਾ ਦੀ ਪੁਸਤਕ 'ਪੰਜਾਬੀ ਭਾਸ਼ਾ ਦਾ ਭਵਿੱਖ' ਅਤੇ ਮਨਦੀਪ ਸਿੰਘ ਬੱਲੋਪੁਰੀ ਦੀ ਪੁਸਤਕ 'ਸਿੱਖ ਇਤਿਹਾਸ' ਨੂੰ ਪੁਸਤਕ ਸਭਿਆਚਾਰ ਸ਼ਗਨ ਦਿੱਤਾ ਗਿਆ। ਸਕੂਲ ਦੇ ਪ੍ਰਿੰ. ਜਸਪਾਲ ਸਿੰਘ ਸਮਾਗਮ ਦੇ ਮੁੱਖ ਪ੍ਰਬੰਧਕ, ਨਰੰਜਨ ਸਿੰਘ ਸੈਲਾਨੀ, ਸਰਪੰਚ ਲਾਲ ਸਿੰਘ, ਪੱਤਰਕਾਰ ਬਹਾਦਰ ਸਿੰਘ 'ਤੇ ਗੁਰਦੁਆਰੇ ਦੇ ਪ੍ਰਧਾਨ ਜਗਜੀਤ ਸਿੰਘ ਤੇ ਹਰ ਸਿਮਰਨ ਕੌਰ ਨੂੰ ਸਨਮਾਨ ਚਿੰਨ੍ਹ ਦਿੱਤੇ। ਸ੍ਰੀ ਜੀ.ਕੇ. ਸਿੰਘ ਡੀ.ਸੀ. ਪਟਿਆਲਾ ਨੇ ਸਕੂਲ ਦੀ ਲਾਇਬਰੇਰੀ ਲਈ ਦੋ ਲੱਖ ਰੁਪਏ ਦੀ ਗ੍ਰਾਂਟ ਦਿੱਤੀ। ਇਤਿਹਾਸ ਸਿਰਜਣ ਵਾਲੇ ਇਸ ਸਮਾਗਮ ਨੇ ਅਮਿੱਟ ਪੈੜਾਂ ਪਾਈਆਂ। ਸਾਹਿਤ ਅਕਾਦਮੀ (ਦਿੱਲੀ) ਵੱਲੋਂ ਸੱਥ ਦੇ ਸਹਿਯੋਗ ਨਾਲ 11 ਅਗਸਤ, 2013 ਨੂੰ ਸ਼ਿਵਾਲਿਕ ਪਬਲਿਕ ਸਕੂਲ, ਫੇਜ਼ 6, ਮੁਹਾਲੀ ਵਿਖੇ ਪੰਜਾਬੀ ਬਾਲ ਸਾਹਿਤ ਗੋਸ਼ਟੀ ਦਾ ਆਯੋਜਨ ਕਰਾਉਣਾ ਬੜੀ ਮਾਣ ਵਾਲੀ ਗੱਲ ਹੈ।

ਦੱਸਵਾਂ ਸਾਲਾਨਾ ਸਨਮਾਨ ਸਮਾਗਮ ●1 ਦਸੰਬਰ, 2013 (ਐਤਵਾਰ) ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਨੂੰ ਸਮਰਪਿਤ, ਉਨ੍ਹਾਂ ਦੇ ਪਿੰਡ ਹਸਨਪੁਰ ਵਿਖੇ ਗੁਰਦੁਆਰਾ ਸਾਹਿਬ ਵਿੱਚ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਮੁੱਖ-ਮਹਿਮਾਨ ਵੱਜੋਂ ਸ੍ਰੀ ਜੀ. ਕੇ. ਸਿੰਘ, ਡੀ. ਸੀ. ਪਟਿਆਲਾ ਨੇ ਹਾਜ਼ਰੀ ਭਰੀ। ਪ੍ਰਧਾਨਗੀ ਮੰਡਲ ਵਿੱਚ ਡਾ. ਨਿਰਮਲ ਸਿੰਘ ਲਾਂਬੜਾ, ਬੀਬੀ ਬਲਬੀਰ ਕੌਰ, ਡਾਇਰੈਕਟਰ,

ਭਾਸ਼ਾ ਵਿਭਾਗ ਪੰਜਾਬ ਤੇ ਸਰਪੰਚ ਸਸ਼ੋਭਤ ਹੋਏ। ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ-ਮਾਸਟਰ ਦੀਦਾਰ ਸਿੰਘ (ਖਰੜ), ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ-ਨਾਵਲਕਾਰ ਜਸਬੀਰ ਮੰਡ (ਜਾਪਾਨ), ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ-ਡਾ. ਜਸਪਾਲ ਕੌਰ ਕਾਂਗ (ਚੰਡੀਗੜ੍ਹ), ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ-ਗਿ. ਮਨਜੀਤ ਸਿੰਘ (ਗੁਰਦਿੱਤਪੁਰਾ) ਤੇ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ- ਸ੍ਰੀ ਰਾਜਿੰਦਰ ਬਿਬਰਾ ਨੂੰ ਪ੍ਰਦਾਨ ਕੀਤੇ ਗਏ। ਸਰਕਾਰੀ ਪ੍ਰਾਇਮਰੀ ਸਕੂਲ ਹਸਨਪੁਰ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਮੁੱਖ-ਪ੍ਰਬੰਧਕ ਸ. ਕਰਨੈਲ ਸਿੰਘ ਧਨੋਆ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ 'ਚ ਭਰਵੀਂ ਹਾਜ਼ਰੀ ਰਹੀ ਤੇ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਗਈ।

ਮਿਤੀ 21 ਸਤੰਬਰ, 2014 ਨੂੰ ਡਾ. ਮੁਖਤਿਆਰ ਸਿੰਘ (ਚੰਡੀਗੜ੍ਹ) ਨੇ ਆਪਣੀ ਮਾਤਾ ਮਹਿੰਦਰ ਕੌਰ ਜੋਧਪੁਰ (ਅੰਬਾਲਾ) ਦੀ ਯਾਦ ਵਿੱਚ ਜ਼ਿਲ੍ਹਾ ਮੁਹਾਲੀ ਦੇ ਮੈਟ੍ਰਿਕ-ਪ੍ਰੀਖਿਆ (2014) 'ਚ ਪੰਜਾਬੀ ਵਿਸ਼ੇ 'ਚ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ਿਵਾਲਿਕ ਪਬਲਿਕ ਸਕੂਲ ਫ਼ੇਜ 6 ਮੁਹਾਲੀ ਵਿਖੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਦੇ ਅਧਿਆਪਕਾਂ, ਮਾਪਿਆਂ, ਮੁਖੀਆਂ ਤੇ ਪਿੰਡ ਦੇ ਸਰਪੰਚਾਂ ਨੂੰ ਵੀ ਅਲੰਕ੍ਰਿਤ ਕੀਤਾ ਗਿਆ । ਸਮਾਗਮ ਦੀ ਪ੍ਰਧਾਨਗੀ ਸ. ਮੇਵਾ ਸਿੰਘ ਸਿੱਧੂ D.E.O. (S) ਮੁਹਾਲੀ ਨੇ ਕੀਤੀ ਜਦੋਂ ਕਿ ਡਾ. ਤੇਜਿੰਦਰ ਕੌਰ ਧਾਲੀਵਾਲ, ਚੇਅਰਪਰਸਨ, ਪੰ. ਸ. ਸਿੱ. ਬੋਰਡ ਮੁੱਖ-ਮਹਿਮਾਨ ਵੱਜੋਂ ਹਾਜ਼ਰ ਹੋਏ ਤੇ ਡਾ. ਨਿਰਮਲ ਸਿੰਘ ਉਚੇਚੇ ਤੌਰ 'ਤੇ ਪਧਾਰੇ । ਇਹ ਸਨਮਾਨ ਹਰ ਵਰ੍ਹੇ ਦਿੱਤਾ ਜਾਵੇਗਾ। ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ ਸਮਾਗਮ ਮੌਕੇ ਮਾਂ-ਬੋਲੀ ਕਵਿਤਾਵਾਂ ਦੀ ਪੇਸ਼ਕਾਰੀ ਵੀ ਹੋਈ।

## ਗਿਆਰਵਾਂ ਸਾਲਾਨਾ ਸਨਮਾਨ ਸਮਾਗਮ

ਗਿਆਰਵਾਂ ਸਾਲਾਨਾ ਸਨਮਾਨ ਸਮਾਗਮ ਮਾ. ਸਰੂਪ ਸਿੰਘ ਨੰਬਰਦਾਰ ਪਲਸੌਰਾ ਨੂੰ ਸਮਰਪਿਤ ਸਰਕਾਰੀ ਮਾਡਲ ਸੀ. ਸੈ. ਸਕੂਲ ਸੈਕਟਰ 56 ਚੰਡੀਗੜ੍ਹ, ਵਿਖੇ 30 ਨਵੰਬਰ, 2014 ਨੂੰ ਆਯੋਜਿਤ ਕੀਤਾ ਗਿਆ। ਇਸ ਵਰ੍ਹੇ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ ਗਿ. ਜੁਝਾਰ ਸਿੰਘ ਆਜ਼ਾਦ ਨੂੰ, ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ ਡਾ. ਫਕੀਰ ਚੰਦ ਸ਼ੁਕਲਾ ਨੂੰ, ਸਰਦਾਰਨੀ ਜਸਮੇਰ ਕੌਰ ਕਿਸ਼ਨਪੁਰੀ ਪੁਰਸਕਾਰ ਪ੍ਰਿੰ. ਦੇਵਿੰਦਰ ਕੌਰ ਨੂੰ, ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ ਸ਼੍ਰੀ ਗੁਰਦਾਸ ਸਿੰਘ ਨਿਰਮਾਣ ਨੂੰ, ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਗੀਤਕਾਰ ਜਿੰਦ ਸੁਆੜਾ ਨੂੰ, ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ ਸ. ਬਲਬੀਰ ਸਿੰਘ ਢੋਲ ਪੀਸੀਐਸ ਨੂੰ ਅਤੇ ਡਾ. ਅਮਰਜੀਤ ਸਿੰਘ ਕਾਂਗ ਪੁਰਸਕਾਰ ਡਾ. ਜਸਪਾਲ ਸਿੰਘ ਵੀ.ਸੀ. ਪੰ. ਯੂ. ਪਟਿਆਲਾ ਨੂੰ ਪ੍ਰਦਾਨ ਕੀਤੇ ਗਏ। ਭੂਪਿੰਦਰ ਸਿੰਘ ਮਟੌਰੀਆ ਦੀ ਪੁਸਤਕ 'ਪੁਆਧ ਕੇ ਘਰਾਟਾਂ ਕਾ ਆਟਾ' ਨੂੰ ਪੁਸਤਕ ਪੁਰਸਕਾਰ ਦਿੱਤਾ ਗਿਆ। ਬਹਾਦਰ ਸਿੰਘ ਗੋਸਲ ਦੀ ਬਾਲ ਪੁਸਤਕ 'ਨੰਨ੍ਹੇ-ਨੰਨ੍ਹੇ ਸੁਪਨੇ' ਲੋਕ ਅਰਪਣ ਕੀਤੀ। ਸੰਸਥਾ ਦੀ ਮੁਖੀ ਸ਼੍ਰੀਮਤੀ ਅਨੀਤਾ ਸ਼ਰਮਾ ਨੇ ਸ਼ਲਾਘਾਯੋਗ ਸਹਿਯੋਗ ਦਿੱਤਾ ਤੇ ਸਕੂਲ ਦੇ ਸਟਾਫ ਨੇ ਸਮਾਗਮ ਦੀ ਸਫਲਤਾ ਲਈ ਸ਼ਾਨਦਾਰ ਕਾਰਜ ਕੀਤਾ। ਪ੍ਰਧਾਨਗੀ ਮੰਡਲ ਵਿੱਚ ਡਾ. ਜਸਪਾਲ ਕੌਰ ਕਾਂਗ, ਸ. ਚੇਤਨ ਸਿੰਘ ਤੇ ਡਾ. ਨਿਰਮਲ ਸਿੰਘ ਸ਼ਾਮਲ ਹੋਏ। ਮੁੱਖ ਮਹਿਮਾਨ ਵਜੋਂ ਡਾ. ਐਸ. ਐਸ. ਗਿੱਲ ਸਾਬਕਾ ਵੀ.ਸੀ. ਬਾਬਾ ਫਰੀਦ ਹੈਲਥ ਯੂ. ਫਰੀਦਕੋਟ ਸ਼ਾਮਲ ਹੋਏ।

## ਬਾਰ੍ਹਵਾਂ ਸਾਲਾਨਾ ਸਨਮਾਨ ਸਮਾਗਮ

ਪੁਆਧੀ ਪੰਜਾਬੀ ਸੱਥ ਮੁਹਾਲੀ ਦਾ ਬਾਰ੍ਹਵਾਂ ਸਾਲਾਨਾ ਸਨਮਾਨ ਸਮਾਗਮ-2015 ਸ਼ਿਵਾਲਿਕ ਪਬਲਿਕ ਸਕੂਲ ਫੇਜ਼-6 ਮੁਹਾਲੀ ਵਿੱਖੇ 29 ਨਵੰਬਰ, 2015 ਨੂੰ ਆਯਜਿਤ ਕੀਤਾ ਗਿਆ। ਇਕਬਾਲ ਸਿੰਘ ਸਰੋਆ ਵੱਲੋਂ ਸ਼ਬਦ ਗਾਇਨ ਨਾਲ ਸਮਾਗਮ ਪ੍ਰਾਰੰਭ ਹੋਇਆ। ਪ੍ਰਧਾਨਗੀ ਮੰਡਲ ਵਿੱਚ ਵਿਸ਼ੇਸ਼ ਮਹਿਮਾਨ ਸ਼੍ਰੀ ਡੀ.ਐਸ. ਬੇਦੀ, ਮੁੱਖ ਮਹਿਮਾਨ ਮੇਵਾ ਸਿੰਘ ਸਿੱਧੂ, ਜ਼ਿਲ੍ਹਾ ਸਿੱਖਿਆ ਅਫ਼ਸਰ ਮੁਹਾਲੀ, ਡਾ. ਨਿਰਮਲ ਸਿੰਘ ਲਾਂਬੜਾ, ਡਾ. ਜਸਪਾਲ ਕੌਰ ਕਾਂਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਯੁਰਪੀਨ ਸੱਥ ਵਾਲਸਾਲ ਦੇ ਸੰਚਾਲਕ ਸ਼੍ਰੀ ਮੋਤਾ ਸਿੰਘ

ਸਰਾਏ ਨੇ ਹਾਜ਼ਰੀ ਭਰੀ। ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸਵਾਗਤ ਕਰਦਿਆਂ ਪੁਆਧ ਖੇਤਰ ਬਾਰੇ ਜਾਣਕਾਰੀ ਦਿੱਤੀ ਤੇ ਸਮਾਗਮ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਡਾ. ਨਿਰਮਲ ਸਿੰਘ ਲਾਂਬੜਾ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਪੁਆਧੀ ਸੱਥ ਦੀ ਸ਼ਲਾਘਾ ਕੀਤੀ ਤੇ ਖੇਤਰੀ ਭਾਸ਼ਾਵਾਂ ਦੇ ਪ੍ਰਸੰਗ ਵਿੱਚ ਵਿਚਾਰ ਸਾਂਝੇ ਕੀਤੇ। ਇਸ ਵਰ੍ਹੇ ਸੱਤ ਪੁਰਸਕਾਰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ – ਡਾ. ਐਮ.ਪੀ. ਸਿੰਘ (ਪ੍ਰਿੰਸੀਪਲ), ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ – ਡਾ. ਭੁਪਿੰਦਰ ਕੌਰ (ਚੰਡੀਗੜ੍ਹ), ਸ਼੍ਰੀਮਤੀ ਜਸਮਕੇਰ ਕੌਰ ਕਿਸ਼ਨਪੁਰੀ ਪੁਰਸਕਾਰ – ਲੈਕਚਰਾਰ ਹਰਿੰਦਰ ਕੌਰ (ਖਮਾਣੋ), ਸ਼੍ਰੀ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ –ਲੈਕਚਰਾਰ ਦਰਸ਼ਨ ਸਿੰਘ ਖੇੜੀ, ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ – ਸ਼੍ਰੀ ਜਸਵਿੰਦਰ ਸਿੰਘ ਨਈਅਰ, ਸ਼੍ਰੀ ਹਰਚੰਦ ਸਿੰਘ ਪਟਵਾਰੀ ਪੁਰਸਕਾਰ–ਬਾਈ ਅਮਰਜੀਤ ਗਾਇਕ ਤੇ ਗਿ. ਗੁਰਚਰਨ ਸਿੰਘ ਪੁਰਸਕਾਰ– ਡਾ. ਦਰਸ਼ਨ ਸਿੰਘ (ਚੰਡੀਗੜ੍ਹ) ਨੂੰ ਪ੍ਰਦਾਨ ਕੀਤੇ ਗਏ। ਪੁਰਸਕਾਰ ਵਿੱਚ ਨਕਦ ਰਾਸ਼ੀ, ਸ਼ਾਲ, ਸਨਮਾਨ ਚਿੰਨ੍ਹ ਤੇ ਪੁਸਤਕਾਂ ਭੇਟ ਕੀਤੀਆਂ ਗਈਆਂ। ਸ਼ੋਭਾ ਪੱਤਰ ਕਰਮ ਅਨੁਸਾਰ ਕਮਲਪ੍ਰੀਤ ਕੌਰ, ਦਲਜੀਤ ਕੌਰ ਦਾਊਂ, ਮਨਜੀਤ ਕੌਰ ਅੰਬਾਲਵੀ, ਹਰੀ ਸਿੰਘ ਮੌਜਪੁਰੀ, ਡਾ. ਭਾਗ ਸਿੰਘ ਕੁਰੜੀ, ਸਤਵੰਤ ਸਿੰਘ ਰੰਗੀ ਤੇ ਮਨਮੋਹਨ ਸਿੰਘ ਦਾਊਂ ਨੇ ਪੜ੍ਹੇ। ਇਸ ਮੌਕੇ ਸੱਤ ਪੁਸਤਕਾਂ ਖਿਆਲਾਂ ਦੀ ਪੈੜਚਾਲ – ਨਿਰੰਜਣ ਸਿੰਘ ਸੈਲਾਨੀ, ਝਲਕ ਪੰਜਾਬੀ ਵਿਰਸੇ ਦੀ– ਬਹਾਦਰ ਸਿੰਘ ਗੋਸਲ, ਆਓ ਪੰਜਾਬੀ ਸਿੱਖੀਏ– ਚਰਨ ਪੁਆਧੀ, ਕੰਢੀ ਦੀ ਸੱਭਿਆਚਾਰਕ ਵਿਰਾਸਤ ਤੇ ਬੋਲੀ– ਡਾ. ਧਰਮਪਾਲ ਸਾਹਿਲ, ਖ਼ੁਸ਼ਬੂ ਸੱਚੇ ਪਿਆਰ ਦੀ–ਗਿੱਲ ਮੋਰਾਂਵਾਲੀ, ਸੰਤਾਪ 'ਚ ਮਨੁੱਖੀ ਸੰਤਾਪ– ਸੰਪਾਦਕਾ ਡਾ. ਤੇਜਿੰਦਰਪਾਲ ਕੌਰ ਅਤੇ ਬਾਤਾਂ ਅਗਮ ਅਪਾਰ ਦੀਆਂ– ਰਣਧੀਰ ਸਿੰਘ ਲੋਕ ਅਰਪਣ ਕੀਤੀਆਂ ਜਿਨ੍ਹਾਂ ਬਾਰੇ ਡਾ. ਬਲਜੀਤ ਸਿੰਘ ਨੇ ਸੰਖੇਪ ਜਾਣਕਾਰੀ ਦਿੱਤੀ। 2015 ਦਾ ਪੁਸਤਕ ਪੁਰਸਕਾਰ 'ਉੱਖੜੇ ਲੋਕ' (ਨਾਵਲ) ਲੇਖਕ ਸ਼੍ਰੀ ਸੰਤਵੀਰ ਨੂੰ ਦਿੱਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਨੇ ਆਪਣੇ ਗੀਤ ਰਾਹੀਂ ਹਾਜ਼ਰੀ ਲੁਆਈ। ਬਾਈ ਅਮਰਜੀਤ ਨੇ ਆਪਣੇ ਗੀਤਾਂ ਦੀਆਂ ਵੰਨਗੀਆਂ ਨਾਲ ਸਮਾਗਮ ਵਿੱਚ ਰੂਹ ਭਰ ਦਿੱਤੀ। ਡਾ. ਜਸਪਾਲ ਕੌਰ ਕਾਂਗ, ਸ਼੍ਰੀ ਡੀ.ਐਸ. ਬੇਦੀ ਤੇ ਸ਼੍ਰੀ ਮੇਵਾ ਸਿੰਘ ਸਿੱਧੂ ਨੇ ਸੱਥ ਦੇ ਕੰਮਾਂ ਦੀ ਪ੍ਰਸੰਸਾ ਕਰਦਿਆਂ, ਆਪਣੇ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਦੇਂਦਿਆਂ ਸ਼੍ਰੀ ਮੋਤਾ ਸਿੰਘ ਸਰਾਏ ਨੇ ਜਿੱਥੇ ਸਨਮਾਨਿਤ ਸ਼ਖ਼ਸ਼ੀਅਤਾਂ ਨੂੰ ਵਧਾਈ ਦਿੱਤੀ, ਉੱਥੇ ਆਪਣੀ ਮਾਂ–ਬੋਲੀ, ਵਿਰਸੇ ਤੇ ਉਸਾਰੂ ਕਦਰਾਂ ਕੀਮਤਾਂ ਦੀ ਸੰਭਾਲ ਕਰਨ 'ਤੇ ਜ਼ੋਰ ਦਿੱਤਾ। ਪੁਰਸਕਾਰ ਦੇਣ ਵਾਲੇ ਪਰਿਵਾਰਾਂ ਅਤੇ ਪ੍ਰਧਾਨਗੀ ਮੰਡਲ ਸ਼ਖ਼ਸ਼ੀਅਤਾਂ ਨੂੰ ਸੱਥ ਵੱਲੋਂ ਯਾਦ–ਚਿੰਨ੍ਹ ਭੇਟਾ ਕੀਤੇ ਗਏ। ਇਸ ਸ਼ਾਨਦਾਰ ਸਮਾਗਮ ਦਾ ਮੰਚ–ਸੰਚਾਲਨ ਪ੍ਰੋ. ਗੁਰਮੀਤ ਸਿੰਘ ਨੇ ਬਾਖ਼ੂਬੀ ਨਿਭਾਇਆ। ਸੱਥ ਦੇ ਮੈਂਬਰ ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ (ਯੂ.ਕੇ.), ਡਾ. ਕਰਨੈਲ ਸਿੰਘ ਸੋਮਲ, ਡਾ. ਗੁਰਦਰਪਾਲ ਸਿੰਘ, ਬਲਜੀਤ ਸਿੰਘ ਪਪਨੇਜਾ, ਪਰਸਰਾਮ ਸਿੰਘ ਬੱਧਣ, ਕਸ਼ਮੀਰ ਕੌਰ ਸੰਧੂ, ਉੱਤਮਵੀਰ ਸਿੰਘ ਦਾਊਂ, ਹੁਸਨਵੀਰ, ਡਾ. ਸਤਪਾਲ ਕੌਰ ਗਰੇਵਾਲ, ਕਰਮਜੀਤ ਬੱਗਾ, ਜਸਬੀਰ ਮੰਡ (ਜਾਪਾਨ) ਤੇ ਇੰਦਰਜੀਤ ਕੌਰ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਹਾਜ਼ਰੀ ਭਰੀ।

## ਤੇਰ੍ਹਵਾਂ ਸਾਲਾਨਾ ਸਨਮਾਨ ਸਮਾਗਮ–2016

ਪੁਆਧੀ ਪੰਜਾਬੀ ਸੱਥ ਮੁਹਾਲੀ ਦਾ ਤੇਰ੍ਹਵਾਂ ਸਾਲਾਨਾ ਸਨਮਾਨ ਸਮਾਗਮ–2016 ਸ਼ਿਵਾਲਿਕ ਪਬਲਿਕ ਸਕੂਲ, ਫੇਜ਼–6, ਮੁਹਾਲੀ ਵਿਖੇ ਆਯੋਜਿਤ ਕੀਤਾ ਗਿਆ।

ਸੰਸਥਾ ਦੇ ਡਾਇਰੈਕਟਰ ਡੀ.ਐਸ. ਬੇਦੀ ਹਾਜ਼ਰ ਹੋਏ। ਸਮਾਗਮ ਦੀ ਪ੍ਰਧਾਨਗੀ ਡਾ. ਜਸਪਾਲ ਕੌਰ ਕਾਂਗ, ਮੁੱਖੀ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਡਾ. ਗੁਰਨਾਇਬ ਸਿੰਘ, ਮੁੱਖੀ, ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਸ਼ਬਦ ਗਾਇਨ ਤੋਂ ਬਾਅਦ ਸੱਥ ਦੇ ਮੁੱਖੀ ਮਨਮੋਹਨ ਸਿੰਘ ਦਾਊਂ ਨੇ ਸਨਮਾਨਿਤ ਸ਼ਖ਼ਸੀਅਤਾਂ, ਮਹਿਮਾਨਾਂ ਤੇ ਸੱਥ ਦੀਆਂ ਉਪਲੱਬਧੀਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਸੱਥਾਂ ਦੇ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ ਨੇ ਪੁਆਧੀ ਸੱਥ ਨੂੰ ਸਰਵੋਤਮ ਸੱਥ ਦੱਸਦਿਆਂ ਕੁੰਜੀਵਤ ਭਾਸ਼ਣ

ਦਿੱਤਾ। ਪੁਸਤਕ ਪੁਰਸਕਾਰ 2016 ਡਾ. ਮਿਨਾਕਸ਼ੀ ਰਠੌਰ ਦੀ ਪੁਸਤਕ 'ਪੰਜਾਬੀ ਨਾਵਲ ਪ੍ਰਮੁੱਖ ਸਰੋਕਾਰ' ਅਤੇ ਦਰਸ਼ਨ ਸਿੰਘ ਬਨੂੜ ਦੀ ਕਾਵਿ ਰਚਨਾ 'ਸੁਰ ਹੋਈ ਰਬਾਬ' ਨੂੰ ਦਿੱਤਾ ਗਿਆ। ਇਸ ਵਰ੍ਹੇ ਡਾ. ਐੱਸ.ਐੱਸ. ਗਿੱਲ ਸਾਬਕਾ ਵੀ.ਸੀ., ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਨੂੰ ਗਿ. ਗੁਰਚਰਨ ਸਿੰਘ ਪੁਰਸਕਾਰ, ਡਾ. ਓਮਾ ਸੇਠੀ, ਮੁੱਖੀ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ, ਗਿ. ਰਾਮ ਸਿੰਘ ਨੰਡਿਆਲੀ ਨੂੰ ਮਾਸਟਰ ਸਰੂਪ ਸਿੰਘ ਪੁਰਸਕਾਰ, ਗੀਤਕਾਰ ਲਾਭ ਚਤਾਮਲੀ ਨੂੰ ਸ੍ਰੀ ਹਰਚੰਦ ਸਿੰਘ ਪਟਵਾਰੀ ਪੁਰਸਕਾਰ, ਸ੍ਰੀ ਰਵਿੰਦਰ ਸਿੰਘ ਐੱਮ.ਡੀ., ਪੀ.ਆਰ.ਟੀ.ਸੀ. ਨੂੰ ਬਾਬਾ ਪ੍ਰੀਤਮ ਸਿੰਘ ਕੁਰੜੀ ਪੁਰਸਕਾਰ ਅਤੇ ਕਹਾਣੀਕਾਰ ਸਰੂਪ ਸਿਆਲਵੀ ਨੂੰ ਮਾਸਟਰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਪ੍ਰਦਾਨ ਕੀਤੇ ਗਏ। ਸ਼ਖ਼ਸੀਅਤਾਂ ਬਾਰੇ ਸ਼ੋਭਾ ਪੱਤਰ ਕ੍ਰਮ ਅਨੁਸਾਰ ਸ੍ਰੀ ਮ.ਸ.ਦਾਊਂ, ਦਲਜੀਤ ਕੌਰ ਦਾਊਂ, ਮਨਜੀਤ ਅੰਬਾਲਵੀ, ਉੱਤਮਵੀਰ ਸਿੰਘ, ਡਾ. ਭਾਗ ਸਿੰਘ ਕੁਰੜੀ, ਸੁਖਵਿੰਦਰ ਕਾਹਲੋਂ ਤੇ ਕਮਲਪ੍ਰੀਤ ਕੌਰ ਨੇ ਪੜ੍ਹੇ। ਪੁਰਸਕਾਰਾਂ 'ਚ ਨਕਦ ਰਾਸ਼ੀ, ਲੋਈ, ਮਮੈਂਟੋ ਪੁਸਤਕਾਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਪੰਜ ਪੁਸਤਕਾਂ 'ਪੰਜਾਬੀ- ਸਭਿਆਚਾਰਕ ਵਿਰਸਾ (ਦਲਜੀਤ ਕੌਰ ਦਾਊਂ) 'ਪੰਜਾਬੀ ਦੀਆਂ ਪ੍ਰਸਿੱਧ ਬੋਲੀਆਂ ਤੇ ਗੀਤ' (ਨਿਰੰਜਣ ਸਿੰਘ ਸੈਲਾਣੀ) 'ਧਰਤ ਪੁਆਧ' (ਮਨਮੋਹਨ ਸਿੰਘ ਦਾਊਂ) 'ਐ ਮੇਰੇ ਭੋਲੇ ਮਨਾ' (ਜਸਵੀਰ ਸਿੰਘ ਸਿਹੋਤਾ ਕੈਨੇਡਾ), 'ਪਰਾਈ ਪ੍ਰੀਤ' (ਨਰਿੰਦਰ ਬਾਈਆ ਕੈਨੇਡਾ) ਅਤੇ ਸੱਥ ਦਾ ਸੋਵੀਨਰ ਲੋਕ ਅਰਪਣ ਕੀਤੇ। ਪੁਸਤਕਾਂ ਬਾਰੇ ਡਾ. ਬਲਜੀਤ ਸਿੰਘ ਨੇ ਵਿਚਾਰ ਪੇਸ਼ ਕੀਤੇ। ਸੱਥ ਨਾਲ ਜੁੜੇ ਪਰਿਵਾਰਾਂ ਨੂੰ ਵੀ ਸਨਮਾਨਿਆਂ ਗਿਆ।

ਡਾ. ਜਸਪਾਲ ਕੌਰ ਕਾਂਗ ਨੇ ਬੜੇ ਭਾਵ ਪੂਰਤ ਸ਼ਬਦਾਂ ਨਾਲ ਸਮੁੱਚੇ ਸਮਾਗਮ ਦੀ ਪ੍ਰਸ਼ੰਸਾ ਕੀਤੀ। ਡਾ. ਗੁਰਨਾਇਬ ਸਿੰਘ ਨੇ ਸੱਥ ਵੱਲੋਂ ਪੁਆਧੀ ਭਾਸ਼ਾ ਤੇ ਖੇਤਰੀ ਸਭਿਆਚਾਰ ਨੂੰ ਸੰਭਾਲਣਾ ਸਮੇਂ ਦੀ ਲੋੜ ਦੱਸਿਆ। ਇਸ ਮੌਕੇ ਗੀਤ ਸੰਗੀਤ ਨਾਲ ਸਰੋਤਿਆਂ ਦਾ ਮਨੋਰੰਜਨ ਵੀ ਕੀਤਾ। ਮੰਚ-ਸੰਚਾਲਨ ਪ੍ਰੋ. ਗੁਰਮੀਤ ਸਿੰਘ ਨੇ ਬਾਖੂਬੀ ਨਿਭਾਇਆ। ਧੰਨਵਾਦ ਦੇ ਸ਼ਬਦ ਤੇ ਵਿਚਾਰ ਸੰਸਥਾ ਦੇ ਪ੍ਰਿੰਸਪੀਲ ਡਾ. ਦਲਜੀਤ ਸਿੰਘ ਨੇ ਪੇਸ਼ ਕੀਤੇ। ਇਸ ਸਮਾਗਮ 'ਚ ਦੂਰੋਂ ਨੇੜਿਓਂ ਆਏ ਵਿਅਕਤੀਆਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ।

## ਚੌਦ੍ਹਵਾਂ ਸਾਲਾਨਾ ਸਨਮਾਨ ਸਮਾਗਮ-2017

ਨਿਊ ਚੰਡੀਗੜ੍ਹ ਖੇਤਰ 'ਚ ਸਿੱਸਵਾਂ-ਬੱਦੀ-ਸੜਕ 'ਤੇ ਸਥਿੱਤ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਸਿਸਵਾਂ ਵਿਖੇ ਪੁਆਧੀ ਪੰਜਾਬੀ ਸੱਥ ਮੁਹਾਲੀ ਦਾ 14ਵਾਂ ਸਨਮਾਨ ਸਮਾਗਮ 2017 ਆਯੋਜਿਤ ਕੀਤਾ ਗਿਆ ਜਿਸ ਵਿੱਚ ਉੱਘੇ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਮੁੱਖ ਮਹਿਮਾਨ ਤੇ ਵਿਸ਼ੇਸ਼-ਮਹਿਮਾਨ ਡਾ. ਗੁਰਨਾਇਬ ਸਿੰਘ ਮੁੱਖੀ, ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਹਾਜ਼ਰ ਹੋਏ। ਪ੍ਰਧਾਨਗੀ ਮੰਡਲ ਵਿੱਚ ਡਾ. ਜਸਪਾਲ ਕੌਰ ਕਾਂਗ, ਡਾ. ਗੁਰਪਾਲ ਸਿੰਘ ਸੰਧੂ, ਮਨਮੋਹਨ ਸਿੰਘ ਦਾਊਂ ਮੁਖੀ ਸੱਥ, ਡਾ. ਨਿਰਮਲ ਸਿੰਘ ਲਾਂਬੜਾ ਸਰਪ੍ਰਸਤ ਤੇ ਸਮਾਗਮ ਕਨਵੀਨਰ ਗੁਰਦਰਸ਼ਨ ਕੌਰ ਢਿੱਲੋਂ ਸ਼ਾਮਲ ਹੋਏ। ਇਹ ਸਮਾਗਮ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਸਮਰਪਿਤ ਕੀਤਾ ਗਿਆ। ਮਨਮੋਹਨ ਸਿੰਘ ਦਾਊਂ ਨੇ ਸੱਥ ਦੀਆਂ ਪ੍ਰਾਪਤੀਆਂ ਅਤੇ ਸਮਾਗਮ ਬਾਰੇ ਭਰਪੂਰ ਚਾਨਣਾ ਪਾਇਆ। ਕੂਜੀਵਤ ਭਾਸ਼ਣ 'ਚ ਡਾ. ਨਿਰਮਲ ਸਿੰਘ ਲਾਂਬੜਾ ਨੇ ਸੱਥਾਂ ਦੇ ਸੰਕਲਪਾਂ, ਅਜੋਕੇ ਮਸਲਿਆਂ ਅਤੇ ਪੁਆਧੀ ਖੇਤਰ ਦੀ ਬਣੀ ਪਛਾਣ ਬਾਰੇ ਜਾਣਕਾਰੀ ਦੇ ਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸ਼ਖ਼ਸੀਅਤ ਤੇ ਸਾਹਿਤਕ ਦੇਣ ਬਾਰੇ ਪ੍ਰੋ. ਸੁਖਵਿੰਦਰ ਸਿੰਘ ਨੇ ਡਾ. ਕਰਨੈਲ ਸਿੰਘ ਸੋਮਲ ਦਾ ਲਿਖਿਆ ਪਰਚਾ ਪੇਸ਼ ਕੀਤਾ। ਇਸ ਵਰ੍ਹੇ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ - ਨੰਬਰਦਾਰ ਗੁਰਿੰਦਰ ਸਿੰਘ ਖੱਟੜਾ ਰਤਨਗੜ੍ਹ ਨੂੰ, ਗਿ. ਰਤਨ ਸਿੰਘ ਸਹੌੜਾਂ ਵਾਲੇ ਪਲੇਠਾ ਪੁਰਸਕਾਰ- ਭਾਈ ਹਰਿਸਿਮਰਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਨੂੰ, ਪਟਵਾਰੀ ਹਰਚੰਦ ਸਿੰਘ ਪੁਰਸਕਾਰ- ਅਧਿਆਪਕ ਗੁਰਚਰਨ ਸਿੰਘ ਅੰਬਾਲਾ ਕੈਂਟ ਨੂੰ, ਗਿ. ਗੁਰਚਰਨ ਸਿੰਘ ਪੁਰਸਕਾਰ-ਅਧਿਆਪਕਾ ਗੁਰਬਚਨ ਕੌਰ ਚੰਡੀਗੜ੍ਹ ਨੂੰ, ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ - ਸਮਾਜ ਸੇਵੀ ਭਗਵੰਤ ਸਿੰਘ ਬਧੌਛੀ ਕਲਾਂ ਨੂੰ ਅਤੇ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ-

ਪ੍ਰਿੰ. ਬਹਾਦਰ ਸਿੰਘ ਗੋਸਲ ਨੂੰ ਦਿੱਤਾ ਗਿਆ। ਪੁਰਸਕਾਰ ਵਿੱਚ ਰਾਸ਼ੀ, ਲੋਈ, ਸਨਮਾਨ ਚਿੰਨ੍ਹ ਤੇ ਪੁਸਤਕਾਂ ਦਿੱਤੀਆਂ ਗਈਆਂ। ਸਨਮਾਨਿਤ ਸ਼ਖ਼ਸੀਅਤਾਂ ਬਾਰੇ ਸ਼ੋਭਾ ਪੱਤਰ ਉੱਤਮਵੀਰ ਸਿੰਘ, ਜੀਵਨ ਸਿੰਘ, ਮਨਜੀਤ ਕੌਰ ਅੰਬਾਲਵੀ, ਕਮਲਪ੍ਰੀਤ ਕੌਰ, ਹਰੀ ਸਿੰਘ ਮੌਜਪੁਰੀ ਤੇ ਰਵਿੰਦਰ ਸਿੰਘ ਨੇ ਪੜ੍ਹੇ ਤੇ ਵਾਹਵਾ ਖੱਟੀ। ਜ਼ਿਕਰਯੋਗ ਹੈ ਕਿ ਸੱਥ 72 ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰ ਚੁੱਕੀ ਹੈ। ਇਸ ਮੌਕੇ ਦਲਜੀਤ ਕੌਰ ਦਾਊਂ ਦਾ ਕਹਾਣੀ-ਸੰਗ੍ਰਹਿ ਬਲੌਰੀ, ਡਾ. ਜਸਪਾਲ ਕੌਰ ਕਾਂਗ ਦੀ ਸੰਪਾਦਕ ਪੁਸਤਕ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ, ਪ੍ਰਿੰ. ਬਹਾਦਰ ਸਿੰਘ ਗੋਸਲ ਦਾ ਮਿੰਨੀ ਕਹਾਣੀ ਸੰਗ੍ਰਹਿ ਕੱਚੀਆਂ ਕੰਧਾਂ, ਮਨਜੀਤ ਕੌਰ ਅੰਬਾਲਵੀ ਦੀਆਂ ਬਾਲ ਕਹਾਣੀਆਂ ਮੈਨੂੰ ਚੰਦ ਚਾਹੀਦੈ, ਗਿੱਲ ਮੋਰਾਂਵਾਲੀ ਕੈਨੇਡੇ ਦੇ ਦੋਹੇ ਔਰਤ ਦੂਜਾ ਰੱਬ ਅਤੇ ਸੱਥ ਦਾ ਸੋਵੀਨਰ ਲੋਕ ਅਰਪਣ ਕਰਨ ਦੀ ਰਸਮ ਪ੍ਰਧਾਨਗੀ ਮੰਡਲ ਨੇ ਨਿਭਾਈ। ਪੁਸਤਕਾਂ ਬਾਰੇ ਜਾਣ-ਪਛਾਣ ਡਾ. ਬਲਜੀਤ ਸਿੰਘ ਚੰਡੀਗੜ੍ਹ ਨੇ ਕਰਵਾਈ। ਸੱਥ ਵੱਲੋਂ ਪੰਜਾਬੀ ਪਰੰਪਰਾ ਅਨੁਸਾਰ ਪ੍ਰਧਾਨਗੀ ਮੰਡਲ ਤੇ ਮਹਿਮਾਨ ਸ਼ਖ਼ਸੀਅਤਾਂ ਨੂੰ ਤੋਹਫੇ ਪ੍ਰਦਾਨ ਕੀਤੇ ਗਏ। ਪੰਜਾਬੀ ਸੱਥ ਲਾਂਬੜਾ ਜਲੰਧਰ ਅਤੇ ਯੂਰਪੀਨ ਪੰਜਾਬੀ ਸੱਥ ਵੱਲੋਂ ਮਨਮੋਹਨ ਸਿੰਘ ਦਾਊਂ ਨੂੰ ਪੁਆਧੀ ਸੱਥ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਵਿਸ਼ੇਸ਼ ਪੁਰਸਕਾਰ ਦਿੱਤਾ ਗਿਆ ਤੇ ਸਨਮਾਨਿਤ ਕੀਤਾ। ਗੁਲਜ਼ਾਰ ਸਿੰਘ ਸੰਧੂ ਨੇ ਸਮਾਗਮ ਨੂੰ ਅਦੁੱਤੀ ਦੱਸਿਆ। ਡਾ. ਗੁਰਨਾਇਬ ਸਿੰਘ ਨੇ ਪੁਆਧ ਦੇ ਉਜਲੇ ਇਤਿਹਾਸ ’ਤੇ ਚਾਨਣਾ ਪਾਇਆ, ਡਾ. ਜਸਪਾਲ ਕੌਰ ਕਾਂਗ ਨੇ ਸਮਾਗਮ ਨੂੰ ਹਰ ਪੱਖੋਂ ਪੈੜਾਂ ਪਾਉਣ ਵਾਲਾ ਕਿਹਾ ਤੇ ਡਾ. ਗੁਰਪਾਲ ਸਿੰਘ ਸੰਧੂ ਚੇਅਰਮੈਨ, ਇਵਨਿੰਗ ਸਟੱਡੀਜ਼ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਨਮਾਨਿਤ ਕੀਤੀਆਂ ਸ਼ਖ਼ਸੀਅਤਾਂ ਨੂੰ ਮੁਬਾਰਕ ਦਿੱਤੀ ਤੇ ਸੱਥ ਦੀ ਵਿਲੱਖਣ ਕਾਰਜ-ਸ਼ੈਲੀ ਦੀ ਪ੍ਰਸੰਸਾ ਕੀਤੀ। ਮੰਚ ਸੰਚਾਲਨ ਬਾਖ਼ੂਬੀ ਪ੍ਰਿੰ ਗੁਰਮੀਤ ਸਿੰਘ ਖਰੜ ਨੇ ਨਿਭਾਇਆ। ਧੰਨਵਾਦੀ ਸ਼ਬਦ ਗੁਰਦਰਸ਼ਨ ਕੌਰ ਢਿੱਲੋਂ ਨੇ ਆਖੇ। ਇਸ ਸਮਾਗਮ ਵਿੱਚ ਦੂਰੋਂ ਨੇੜਿਓਂ ਲੇਖਕ, ਸਾਹਿਤਕਾਰ, ਕਲਾਕਾਰ, ਡਾਕਟਰ, ਸਮਾਜ-ਸੇਵੀ, ਐਡਵੋਕੇਟ, ਸਿੱਖਿਆ-ਸ਼ਾਸਤਰੀ, ਪਿੰਡ ਪੰਚਾਇਤਾਂ ਤੇ ਨਾਮਵਰ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਅਮਿੱਟ ਪੈੜਾਂ ਪਾਉਣ ਵਾਲਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

## 15ਵਾਂ ਸਾਲਾਨਾ ਸਨਮਾਨ ਸਮਾਗਮ-2018

ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੂਮਾਜਰਾ ਵਿਖੇ ਗਿਆਨੀ ਰਤਨ ਸਿੰਘ ਸਹੌੜਾਂ ਵਾਲੇ ਨੂੰ ਸਮਰਪਿਤ, ਪੁਆਧੀ ਪੰਜਾਬੀ ਸੱਥ ਮੁਹਾਲੀ ਦਾ 15ਵਾਂ ਸਾਲਾਨਾ ਸਨਮਾਨ ਸਮਾਗਮ 2018 ਅਮਿੱਟ ਪੈੜਾਂ ਨਾਲ ਸਪੰਨ ਹੋਇਆ। ਸਮਾਗਮ ਦੇ ਮੁੱਖ ਮਹਿਮਾਨ ਚੰਡੀਗੜ੍ਹ, ਗਰੁਪ ਆਫ ਕਾਲਜਜ਼ ਲਾਂਡਰਾਂ ਦੇ ਡਾਇਰੈਕਟਰ ਅਕਾਦਮਿਕ ਡਾ. ਜਗਤਾਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੱਥ ਨੇ ਇਸ ਖੇਤਰ ਦੀਆਂ 78 ਨਾਮਵਰ ਸਖ਼ਸ਼ੀਅਤਾਂ ਨੂੰ ਸਨਮਾਨਿਤ ਕਰਕੇ ਇਤਿਹਾਸ ਸਿਰਜਿਆ ਹੈ ਤੇ ਪੁਆਧ ਬਾਰੇ ਖੋਜ ਕਾਰਜ ਸ਼ਲਾਘਾਯੋਗ ਹੈ। ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸੁਆਗਤੀ ਸ਼ਬਦ ਬੋਲਦਿਆਂ, ਸੱਥ ਦੀਆਂ ਪ੍ਰਾਪਤੀਆਂ ਬਾਰੇ ਅਤੇ ਸਮਾਗਮ ਬਾਰੇ ਜਾਣਕਾਰੀ ਦਿੱਤੀ। ਕਾਲਜ ਦੇ ਪ੍ਰਿੰਸੀਪਲ ਡਾ. ਐਮ.ਪੀ. ਸਿੰਘ ਨੇ ਸੱਥ ਦੇ ਸਮਾਗਮ ਬਾਰੇ ਖ਼ੁਸ਼ੀ ਪ੍ਰਗਟ ਕਰਦਿਆਂ, ਸਨਮਾਨਿਤ ਸਖ਼ਸ਼ੀਅਤਾਂ ਨੂੰ ਵਧਾਈ ਦਿੱਤੀ। ਸਨਮਾਨ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪੋ. ਰਵਿੰਦਰ ਭੱਠਲ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੁਖੀ ਡਾ. ਜਸਪਾਲ ਕੌਰ ਕਾਂਗ ਨੇ ਕੀਤੀ। ਵਿਸ਼ੇਸ਼ ਸ਼ਾਇਰ ਮਹਿਮਾਨ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਡਾ. ਸੁਦਰਸ਼ਨ ਗਾਸੋ ਨੇ ਸਮਾਗਮ ਦੀ ਪ੍ਰਸ਼ੰਸਾ ਕਰਦਿਆਂ, ਅਪਣੀਆਂ ਕਵਿਤਾਵਾਂ ਨਾਲ ਹਾਜਰੀ ਲੁਆਈ। ਸੱਥ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਲਾਂਬੜਾ ਨੇ ਆਪਣੇ ਕੂੰਜੀਵਤ ਭਾਸ਼ਣ ਨਾਲ ਸਰੋਤਿਆਂ ਨੂੰ ਪ੍ਰਭਾਵਤ ਕੀਤਾ ਤੇ ਪੁਆਧੀ ਪੰਜਾਬੀ ਸੱਥ ਦੇ ਮਾਣਮੱਤੇ ਕਾਰਜਾਂ ਦੀ ਸ਼ਲਾਘਾ ਕੀਤੀ। ਪੋ. ਰਵਿੰਦਰ ਭੱਠਲ ਦਾ ਮੰਨਣਾ ਸੀ ਕਿ ਸੱਥ ਨੇ ਭਾਸ਼ਾ ਵਿਭਾਗ ਤੇ ਯੂਨੀਵਰਸਿਟੀਆਂ ਦੇ ਪੱਧਰ ਦੇ ਕਾਰਜ ਕਰ ਕੇ, ਇਸ ਖੇਤਰ ਨੂੰ ਜਗਮਗਾ ਦਿੱਤਾ ਹੈ ਤੇ ਸ੍ਰੀ ਦਾਊਂ ਦੀ ਦੇਣ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਜਸਪਾਲ ਕੌਰ ਕਾਂਗ ਨੇ ਸੱਥ ਨਾਲ ਡੂੰਘੇ ਰਿਸ਼ਤੇ ਦੀ ਸਾਂਝ ਨੂੰ ਅਭੀਵਿਅਕਤ ਕੀਤਾ ਤੇ ਛੇ ਸਖ਼ਸ਼ੀਅਤਾਂ ਦੀ ਚੋਣ ਨੂੰ ਸਹੀ ਦੱਸਿਆ।

ਇਸ ਵਰ੍ਹੇ 2018 ਦੇ ਪੁਰਸਕਾਰ :

1. ਡਾ. ਗੁਰਪ੍ਰੀਤ ਸਿੰਘ ਲਹਿਲ ਕੰਪਿਊਟਰ ਮਾਹਿਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ।
2. ਕਥਾਵਾਚਕ ਸੁਖਦੇਵ ਸਿੰਘ ਨੂੰ ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ।
3. ਭਾਈ ਪ੍ਰੀਤਪਾਲ ਸਿੰਘ ਸਮਾਜ-ਸੇਵੀ (ਅੰਬਾਲਾ) ਨੂੰ ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ।
4. ਪੁਆਧੀ ਅਖਾੜਾ ਸੰਚਾਲਕ ਚਰਨ ਸਿੰਘ ਦਿਆਲਪੁਰ ਸੋਢੀਆਂ ਨੂੰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ।
5. ਡਾ. ਜਸਪਾਲ ਜੱਸੀ ਗਾਇਕ ਨੂੰ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ।
6. ਡਾ. ਇਕਬਾਲ ਸਿੰਘ ਢਿੱਲੋਂ ਖੋਜੀ ਵਿਦਵਾਨ (ਚੰਡੀਗੜ੍ਹ) ਨੂੰ ਗਿ. ਗੁਰਚਰਨ ਸਿੰਘ ਗੁਰਮਤਿ ਪੁਰਸਕਾਰ।

ਦੇ ਕੇ ਸਨਮਾਨਿਤ ਕੀਤਾ ਗਿਆ। ਪੁਰਸਕਾਰ ਵਿੱਚ ਨਕਦ ਰਾਸ਼ੀ, ਲੋਈ, ਸਨਮਾਨ-ਚਿੰਨ ਤੇ ਪੁਸਤਕਾਂ ਦੇ ਕੇ ਨਿਵਾਜਿਆ ਗਿਆ।

ਡਾ. ਇਕਬਾਲ ਸਿੰਘ ਢਿੱਲੋਂ ਨੇ ਸਨਮਾਨਿਤ-ਸ਼ਖ਼ਸੀਅਤਾਂ ਦੀ ਪ੍ਰਤੀਨਿਧਤਾ ਕਰਦਿਆਂ, ਸੱਥ ਦੇ ਸਨਮਾਨ ਨੂੰ ਸੱਚਾ-ਸੁੱਚਾ ਤੇ ਲੋਕਾਂ ਵੱਲੋਂ ਦਿੱਤਾ ਗਿਆ, ਵੱਡਾ ਪੁਰਸਕਾਰ ਆਖਿਆ।

ਪੁਸਤਕ ਪੁਰਸਕਾਰ 2018 ਲਈ ਦੋ ਪੁਸਤਕਾਂ ਚੁਣੀਆਂ ਗਈ ਤੇ ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ। 'ਬਾਬਾ ਬੰਦਾ ਸਿੰਘ ਬਹਾਦਰ ਇੱਕ ਲਾਸਾਨੀ ਯੋਧਾ (ਲੇਖਕ ਗੁਰਪ੍ਰੀਤ ਸਿੰਘ ਨਿਆਮੀਆਂ) ਅਤੇ 'ਪੁਆਧੀ ਉਪਭਾਸ਼ਾ ਦੀ ਵਿਆਕਰਨ' (ਲੇਖਿਕਾ : ਪ੍ਰੋ. ਹਰਪ੍ਰਵੀਨ ਕੌਰ) ਸਨਮਾਨਿਤ ਸ਼ਖ਼ਸ਼ੀਅਤਾਂ ਬਾਰੇ ਸ਼ੋਭਾ-ਪੱਤਰ ਕ੍ਰਮ ਅਨੁਸਾਰ ਉੱਤਮਵੀਰ ਸਿੰਘ ਦਾਊਂ, ਜੀਵਨ ਸਿੰਘ, ਮਨਜੀਤ ਕੌਰ ਅੰਬਾਲਵੀ, ਕਮਲਪ੍ਰੀਤ ਕੌਰ, ਹਰੀ ਸਿੰਘ ਮੌਜਪੁਰੀ ਤੇ ਪੋ. ਸੁਖਵਿੰਦਰ ਸਿੰਘ ਨੇ ਪੇਸ਼ ਕੀਤੇ। ਪੰਜਾਬੀ ਭਾਸ਼ਾ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਇਸ ਮੌਕੇ 'ਮਨ ਪੰਖੇਰੂ' (ਦਰਸ਼ਨ ਸਿੰਘ ਬਨੂੜ), 'ਰੱਬੀ ਪ੍ਰੀਤ ਦਾ ਪਿਆਲਾ' (ਰੱਬੀ ਬੈਰੋਂਪੁਰੀ ਟਿਵਾਣਾ), 'ਰਾਮਨਾਮ ਦੀ ਟੇਕ' (ਪ੍ਰਿੰ. ਬਹਾਦਰ ਸਿੰਘ ਗੋਸਲ), 'ਨੂਰੀ ਦਰ ਦਾ ਰਹੱਸ' (ਗਿ. ਰਤਨ ਸਿੰਘ ਸਹੌੜਾਂ ਵਾਲਾ), 'ਮੇਰੀਆਂ ਯਾਦਾਂ' (ਕਰਨਲ ਹਰਜੀਤ ਬੱਸੀ) ਤੇ 'ਜੀ ਕਰਦੈ ਬੱਦਲ ਬਣਜਾਵਾਂ' (ਡਾ. ਸੁਦਰਸ਼ਨ ਗਾਸੋ) ਪੁਸਤਕਾਂ ਲੋਕ-ਅਰਪਣ ਕੀਤੀਆਂ ਗਈਆਂ। ਕਾਵਿ-ਦੌਰਾਨ ਤ੍ਰੈਲੋਚਨ ਲੋਚੀ, ਮਨਜਿੰਦਰ ਸਿੰਘ ਧਨੋਆ ਤੇ ਕਈ ਹੋਰਾਂ ਨੇ ਖ਼ੂਬ ਰੰਗ ਬੰਨ੍ਹਿਆ। ਸੱਥ ਵੱਲੋਂ ਪ੍ਰਧਾਨਗੀ ਮੰਡਲ ਦੇ ਵਿਅਕਤੀਆਂ ਦਾ ਵੀ ਸਨਮਾਨ ਕੀਤਾ ਗਿਆ। ਕਾਲਜ ਦੇ ਪੰਜਾਬੀ ਵਿਸ਼ੇ 'ਚ ਪ੍ਰਥਮ ਦਰਜਾ ਲੈਣ ਵਾਲੇ ਪੰਜ ਵਿਦਿਆਰਥੀਆਂ ਨੂੰ ਪ੍ਰਸ਼ੰਸਾ-ਪੱਤਰ ਦਿੱਤੇ ਗਏ ਤੇ ਕਾਲਜ ਲਾਇਬਰੇਰੀ ਲਈ ਪੁਸਤਕਾਂ ਭੇਂਟ ਕੀਤੀਆਂ ਗਈਆਂ। ਸਮਾਗਮ ਦੇ ਅੰਤ ਵਿੱਚ ਡਾ. ਜਸਪਾਲ ਜੱਸੀ ਅਤੇ ਪੁਆਧੀ ਅਖਾੜਾ ਦੇ ਕਲਾਕਾਰਾਂ ਨੇ ਖ਼ੂਬ ਰੰਗ ਬੰਨਿਆ। ਮੰਚ ਸੰਚਾਲਨ ਬਾਖ਼ੂਬੀ ਦਰਸ਼ਨ ਸਿੰਘ ਬਨੂੜ ਨੇ ਨਿਭਾਇਆ। ਅਮਿੱਟ ਪੈੜਾਂ ਪਾਉਣ ਵਾਲਾ ਸੱਥ ਸਮਾਗਮ ਇਤਿਹਾਸਕ ਹੋ ਨਿਬੜਿਆ। ਇਸ ਸਮਾਗਮ ਵਿੱਚ ਇਲਾਕੇ ਦੇ ਪੰਚ, ਸਰਪੰਚ, ਉੱਘੇ ਵਿਅਕਤੀ, ਪ੍ਰਿੰਸੀਪਲ, ਅਧਿਆਪਕ, ਉੱਚ-ਅਧਿਕਾਰੀ ਤੇ ਨਾਮਵਰ ਸਖ਼ਸ਼ੀਅਤਾਂ ਨੇ ਹਾਜ਼ਰੀ ਭਰੀ।

## 16 ਵਾਂ ਸਾਲਾਨਾ ਸਨਮਾਨ ਸਮਾਗਮ-2019

### ਪੁਆਧੀ ਪੰਜਾਬੀ ਸੱਥ ਵੱਲੋਂ ਅੱਠ ਸ਼ਖ਼ਸੀਅਤਾਂ ਦਾ ਸਨਮਾਨ

ਸ਼ਿਵਾਲਿਕ ਪਬਲਿਕ ਸਕੂਲ ਫ਼ੇਜ਼ ਛੇ ਮੁਹਾਲੀ ਵਿਖੇ 1-12-2019 ਨੂੰ ਬਾਬਾ ਨਾਨਕ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੁਆਧੀ ਪੰਜਾਬੀ ਸੱਥ ਮੁਹਾਲੀ ਦੇ 16ਵੇਂ ਸਾਲਾਨਾ ਸਨਮਾਨ ਸਮਾਗਮ 'ਚ ਮੁੱਖ-ਮਹਿਮਾਨ ਕਾਹਨ ਸਿੰਘ ਪੰਨੂੰ ਸਕੱਤਰ, ਖੇਤੀਬਾੜੀ ਵਿਭਾਗ ਪੰਜਾਬ ਨੇ ਸੱਥ ਵੱਲੋਂ ਸਨਮਾਨਿਤ ਅੱਠ ਸ਼ਖ਼ਸੀਅਤਾਂ ਦੀ ਚੋਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ ਅਤੇ ਸੱਥ ਦੇ

ਕਾਰਜਾਂ ਨੂੰ ਨਵਾਂ ਇਤਿਹਾਸ ਸਿਰਜਣ ਦੀ ਗੱਲ ਆਖੀ, ਜਿਸ ਨਾਲ ਪੁਆਧ ਦੀ ਬੋਲੀ ਤੇ ਸਭਿਆਚਾਰ ਦਾ ਵਕਾਰ ਉੱਚਾ ਹੋਇਆ ਹੈ। ਪ੍ਰਧਾਨਗੀ ਮੰਡਲ ਵਿੱਚ ਡਾ. ਨਿਰਮਲ ਸਿੰਘ ਲਾਂਬੜਾ, ਡਾ. ਜਸਪਾਲ ਕੌਰ ਕਾਂਗ ਤੇ ਡਾ. ਈਸ਼ਵਰ ਦਿਆਲ ਗੌੜ ਸ਼ਾਮਲ ਹੋਏ। ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸੁਆਗਤੀ ਸ਼ਬਦ ਆਖਦਿਆਂ, ਸਮਾਗਮ ਅਤੇ ਸੱਥ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉੱਘੀ ਕਲਾਕਰ ਮੋਣੀ ਤੂਰ ਨੇ ਗੀਤ ਦੀ ਪੇਸ਼ਕਾਰੀ ਨਾਲ ਸਰੋਤਿਆਂ ਤੋਂ ਵਾਹਵਾ ਖੱਟੀ। ਸਨਮਾਨ ਰਸਮ 'ਚ ਡਾ. ਸਤੀਸ਼ ਕੁਮਾਰ ਵਰਮਾ (ਪਟਿਆਲਾ) ਨੂੰ ਗਿ. ਗੁਰਚਰਨ ਸਿੰਘ ਅੰਮ੍ਰਿਤਸਰ ਪੁਰਸਕਾਰ, ਡਾ. ਰਾਜਿੰਦਰ ਸਿੰਘ ਕੰਬੋਜ (ਬੂਹਾ) ਨੂੰ ਸ. ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਢਾਡੀ ਮਲਕੀਤ ਸਿੰਘ ਬੀ.ਏ. (ਤਸਿੰਬਲੀ) ਨੂੰ ਢਾਡੀ ਪ੍ਰੀਤਮ ਸਿੰਘ ਪੁਰਸਕਾਰ, ਭਾਈ ਗੁਰਦੀਪ ਸਿੰਘ ਦੀਪ (ਬੋਹ) ਨੂੰ ਸ. ਹਰਚੰਦ ਸਿੰਘ ਪਟਵਾਰੀ ਪੁਰਸਕਾਰ, ਸ੍ਰੀਮਤੀ ਰਣਧੀਰ ਕੌਰ (ਸੰਤੇ ਮਾਜਰਾ) ਨੂੰ ਮਾਤਾ ਮਹਿੰਦਰ ਕੌਰ ਪੁਰਸਕਾਰ, ਸ. ਅਵਤਾਰ ਸਿੰਘ (ਤੀੜਾ) ਨੂੰ ਸਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ, ਪ੍ਰਿੰ. ਨਸੀਬ ਸਿੰਘ ਸੇਵਕ (ਕਲੌੜ) ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ ਦਿੱਤੇ ਗਏ। ਸਨਮਾਨ 'ਚ ਨਕਦ ਰਾਸ਼ੀ, ਮਮੈਂਟੋ, ਲੋਈ ਤੇ ਪੁਸਤਕਾਂ ਭੇਟ ਕੀਤੀਆਂ ਗਈਆਂ। ਪੁਸਤਕ ਪੁਰਸਕਾਰ 2019 'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ' ਲੇਖਕ ਅਲੀ ਰਾਜਪੁਰਾ ਅਤੇ 'ਰੇਤ ਦਾ ਟਿੱਲਾ' ਸ਼ਾਇਰ ਸਵਰਨ ਸਿੰਘ ਨੂੰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਤਵਿੰਦਰ ਸਿੰਘ ਮੜੌਲਵੀ ਦੀ ਪੁਸਤਕ 'ਸ਼ਹੀਦ ਪੰਡਤ ਕਾਂਸ਼ੀ ਰਾਮ ਮੜੌਲੀ, ਜਸਪਾਲ ਸਿੰਘ ਕੰਵਲ ਦੀ ਪੁਸਤਕ 'ਮਿਹਰਾਮਤਿ', ਪ੍ਰਿੰ. ਨਸੀਬ ਸਿੰਘ ਸੇਵਕ ਦੀ ਪੁਸਤਕ 'ਬਾਬਾ ਨਾਨਕ'! ਆ ਵੇਖ ਤਾਂ ਸਹੀ', ਗੁਰਦੀਪ ਸਿੰਘ ਦੀਪ ਦੀ ਪੁਸਤਕ 'ਸਿੱਖੀ ਦੀ ਗੂੰਜ' ਅਤੇ ਸਵਰਨ ਸਿੰਘ ਦੀ ਪੁਸਤਕ 'ਮੂਮਲ ਮਹਿੰਦਰ' ਲੋਕ ਅਰਪਣ ਕੀਤੀਆਂ ! ਪੁਸਤਕਾਂ ਬਾਰੇ ਡਾ. ਬਲਜੀਤ ਸਿੰਘ ਨੇ ਜਾਣਕਾਰੀ ਦਿੱਤੀ। ਸੱਥ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਲਾਂਬੜਾ ਨੇ ਪੁਆਧੀ ਸੱਥ ਨੂੰ ਸ਼੍ਰੋਮਣੀ ਸੱਥ ਕਹਿੰਦਿਆਂ, ਸਮਾਗਮ ਨੂੰ ਯਾਦਗਾਰੀ ਆਖਿਆ। ਡਾ. ਜਸਪਾਲ ਕੌਰ ਕਾਂਗ ਨੇ ਸਮਾਗਮ ਨੂੰ ਮਿਆਰੀ ਤੇ ਹਰ ਪੱਖੋਂ ਸਫ਼ਲ ਆਖਿਆ। ਡਾ. ਈਸ਼ਵਰ ਦਿਆਲ ਗੌੜ ਨੇ ਸੱਥ ਦੇ ਮੁਖੀ ਸ੍ਰੀ ਦਾਊਂ ਦੀ ਘਾਲਣਾ ਨੂੰ ਪੰਧ ਵਿਖਾਊ ਕਿਹਾ ਤੇ ਸੱਥ ਵੱਲੋਂ ਹੁਣ ਤੱਕ 86 ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨਾ ਅਤੇ ਪੁਆਧ ਖੇਤਰ ਬਾਰੇ ਦਸ ਪੁਸਤਕਾਂ ਦੀ ਪ੍ਰਕਾਸ਼ਨਾਂ ਕਰਨੀ ਯੂਨੀਵਰਸਿਟੀ ਜਿੱਡਾ ਕੰਮ ਕਰਨਾ ਹੈ। ਪ੍ਰਧਾਨਗੀ ਮੰਡਲ ਨੂੰ ਵੀ ਸਨਮਾਨ-ਚਿੰਨ੍ਹ ਦਿੱਤੇ ਗਏ। ਇਸ ਭਰਵੇਂ ਸਮਾਗਮ ਵਿਚ ਦੂਰੋਂ-ਨੇੜਿਓਂ ਵੱਖੋ-ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ, ਲੇਖਕਾਂ, ਕਲਾਕਾਰਾਂ ਤੇ ਵਿਦਵਾਨਾਂ ਨੇ ਹਾਜ਼ਰੀ ਭਰੀ। ਮੰਚ ਸੰਚਾਲਨ ਬਾਖੂਬੀ ਪ੍ਰਿੰ. ਗੁਰਮੀਤ ਸਿੰਘ ਖਰੜ ਨੇ ਕੀਤਾ। ਪੁਰਸਕਾਰ ਦੇਣ ਵਾਲੇ ਪਰਿਵਾਰਾਂ ਨੇ ਵਿਸ਼ੇਸ਼ ਤੌਰ 'ਤੇ ਸਮਾਗਮ 'ਚ ਸ਼ਿਰਕਤ ਕੀਤੀ। ਸੱਥ ਦਾ ਸੌਵੀਨਰ ਵੀ ਰਿਲੀਜ਼ ਕੀਤਾ ਤੇ ਵੰਡਿਆ।

## 17ਵਾਂ ਸਾਲਾਨਾ ਸਨਮਾਨ ਸਮਾਗਮ (2020)
## 24 ਜਨਵਰੀ, 2021
## ਪੁਆਧੀ ਪੰਜਾਬੀ ਸੱਥ ਮੁਹਾਲੀ ਸਨਮਾਨ ਸਮਾਗਮ ਦੀਆਂ ਹਰਿਆਣਾ 'ਚ ਧੂੰਮਾਂ

ਪੰਜ ਸ਼ਖ਼ਸੀਅਤਾਂ ਸਨਮਾਨਿਤ, ਦੋ ਪੁਸਤਕਾਂ ਨੂੰ ਇਨਾਮ, ਤਿੰਨ ਪੁਸਤਕਾਂ ਲੋਕ ਅਰਪਣ

ਜਗਾਧਰੀ ਵਰਕਸ਼ਾਪ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਪੁਰਬ ਨੂੰ ਸਮਰਪਿਤ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ 17ਵਾਂ ਸਾਲਾਨਾ ਸਨਮਾਨ ਸਮਾਗਮ, ਦਸ਼ਮੇਸ਼ ਗਤਕਾ ਅਖਾੜਾ ਯਮਨਾਨਗਰ ਦੇ ਸਹਿਯੋਗ ਨਾਲ, ਇੱਥੋਂ ਦੇ ਸ਼ਿਵਮ ਪੈਲਸ ਵਿਖੇ ਭਾਰੀ ਇਕੱਠ 'ਚ ਆਯੋਜਿਤ ਕੀਤਾ ਗਿਆ। ਸਮਾਗਮ ਦਾ ਆਰੰਭ ਸ਼ਬਦ ਗਾਇਨ ਨਾਲ ਹੋਇਆ। ਉਪਰੰਤ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ, ਕੁਰਬਾਨ ਹੋਏ ਕਿਸਾਨਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਨਿਰਭੈ ਸੇਵਕ ਦਲ ਦੇ ਮੁਖੀ ਜਸਵਿੰਦਰ ਸਿੰਘ ਨੇ ਜੀ ਆਇਆਂ ਆਖਦਿਆਂ ਸਬੋਧਨ ਕੀਤਾ। ਸੱਥ ਦੇ ਮੁਖੀ ਉੱਘੇ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ ਸੁਆਗਤੀ ਸ਼ਬਦ ਬੋਲਦਿਆਂ, ਪੁਆਧੀ ਸੱਥ ਤੇ ਸਨਮਾਨ ਸਮਾਗਮ ਬਾਰੇ ਭਰਪੂਰ ਜਾਣਕਾਰੀ ਦਿੱਤੀ। ਮੁਖ ਮਹਿਮਾਨ ਵੱਜੋਂ ਬਾਬਾ ਬਲਦੇਵ ਸਿੰਘ ਭੰਬੋਲੀ ਅਤੇ ਵਿਸ਼ੇਸ਼ ਮਹਿਮਾਨ ਵੱਜੋਂ ਸ. ਪਲਵਿੰਦਰ ਸਿੰਘ, ਲਾਰਕ ਇੰਜ: ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ। ਸਮਾਗਮ ਦੀ ਪ੍ਰਧਾਨਗੀ ਅੰਬਾਲਾ ਕੈਂਟ ਤੋਂ ਉੱਘੇ ਸਾਹਿਤਕਾਰ ਡਾ. ਸੁਦਰਸ਼ਨ ਗਾਸੋ ਨੇ ਕੀਤੀ। ਪੰਜ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਵਿਦਵਾਨ ਡਾ.

ਗੁਰਬਚਨ ਸਿੰਘ ਮਾਵੀ (ਮੁਹਾਲੀ) ਨੂੰ ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ, ਢਾਡੀ ਅਮਰ ਸਿੰਘ ਨੂਰ (ਮਛੌਂਡਾ) ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ, ਪੁਆਧੀ ਕੇਸਰ ਸਿੰਘ ਬੈਦਵਾਨ (ਸੁਹਾਣਾ) ਨੂੰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਪਿੰ, ਰੇਨੂ ਬਾਲਾ (ਜ਼ੀਰਕਪੁਰ) ਨੂੰ ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ ਅਤੇ ਗੀਤਕਾਰ ਫਕੀਰ ਮੌਲੀਵਾਲਾ (ਮੌਲੀ) ਨੂੰ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਦਿੱਤੇ ਗਏ। ਪੁਰਸਕਾਰ ਵਿੱਚ ਨਕਦ ਰਾਸ਼ੀ, ਸਨਮਾਨ ਪੱਤਰ, ਮਮੈਂਟੋ, ਪੁਸਤਕਾਂ ਤੇ ਲੋਈ ਦਿੱਤੀਆਂ ਗਈਆਂ। ਡਾ. ਜਤਿੰਦਰ ਕੌਰ ਰਚਿਤ '31 ਅਕਤੂਬਰ' (ਆਤਮ ਕਥਾ) ਨੂੰ ਪੁਸਤਕ ਪੁਰਸਕਾਰ ਅਤੇ ਮੀਨਾ ਨਵੀਨ ਰਚਿਤ ਨਾਵਲ 'ਭੁਰਦੀਆਂ ਕੰਧਾਂ' ਨੂੰ ਸਾਹਿਤ ਪੁਰਸਕਾਰ ਨਾਲ ਨਿਵਾਜਿਆ। ਇਸ ਮੌਕੇ ਐਨ.ਬੀ.ਟੀ. ਦਿੱਲੀ ਦੀਆਂ, ਦੋ ਪ੍ਰਕਾਸ਼ਨਾਵਾਂ ਮਨਮੋਹਨ ਸਿੰਘ ਦਾਊਂ ਦੀ ਪੁਸਤਕ 'ਪੁਆਧ ਦੇ ਜੰਮੇ-ਜਾਏ' ਅਤੇ ਸਤਵਿੰਦਰ ਸਿੰਘ ਮੜੌਲਵੀ ਦੀ ਬਾਲ-ਪੁਸਤਕ 'ਅੱਖੀ-ਡਿੱਠੇ ਰੰਗਲੇ ਪੰਛੀ' ਅਤੇ ਪ੍ਰਿੰ. ਬਹਾਦਰ ਸਿੰਘ ਗੋਸਲ ਰਚਿਤ 'ਇਕ ਸੀ ਕੋਕੋ' ਬਾਰੇ ਗੁਰਿੰਦਰ ਸਿੰਘ ਕਲਸੀ ਅਤੇ ਕਸ਼ਮੀਰ ਕੌਰ ਸੰਧੂ ਨੇ ਪੁਸਤਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਨਮਾਨ ਪੱਤਰ ਡਾ. ਬਲਜੀਤ ਸਿੰਘ, ਡਾ. ਰਾਜਿੰਦਰ ਸਿੰਘ ਕੁਰਾਲੀ, ਜੀਵਨ ਸਿੰਘ ਸਹੌੜਾਂ, ਰਵਿੰਦਰ ਸਿੰਘ ਸਕਰੁੱਲਾਪੁਰ ਤੇ ਜਗਦੀਪ ਸਿੰਘ ਬੈਦਵਾਨ ਨੇ ਪੜ੍ਹੇ। ਢਾਡੀ ਗਾਇਕੀ, ਪੁਆਧੀ-ਅਖਾੜਾ, ਪੁਸਤਕ ਪ੍ਰਦਰਸ਼ਨੀ ਅਤੇ ਗਤਕੇ ਦੀ ਪੇਸ਼ਕਾਰੀ ਦੀ ਵਾਹਵਾ ਪ੍ਰਸੰਸ਼ਾ ਹੋਈ। ਮੰਚ 'ਤੇ ਸੁਸ਼ੋਭਤ ਸ਼ਖ਼ਸੀਅਤਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੇਖਕ, ਸਾਹਿਤਕਾਰ, ਕਲਾਕਾਰ, ਸਮਾਜ ਸੇਵੀ ਹਾਜ਼ਰ ਹੋਏ। ਪ੍ਰਿੰ. ਨਸੀਬ ਸਿੰਘ ਸੇਵਕ ਨੇ ਸੱਥ ਸੋਵੀਨਰ ਲੋਕ ਅਰਪਣ ਕੀਤਾ। ਮੰਚ ਸੰਚਾਲਨ ਬਾਖੂਬੀ ਡਾ. ਬਲਜੀਤ ਸਿੰਘ ਨੇ ਕੀਤਾ। ਸੱਥ ਸਮਾਗਮ ਦੀਆਂ ਹਰਿਆਣਾ 'ਚ ਧੁੰਮਾਂ ਪੈ ਗਈਆਂ। ਅੰਤ ਵਿੱਚ ਦਸ਼ਮੇਸ਼ ਗਤਕਾ ਅਖਾੜਾ ਮੁਖੀ ਧਨਵੰਤ ਸਿੰਘ ਸਪੁਤਰ ਸਵ: ਢਾਡੀ ਪ੍ਰੀਤਮ ਸਿੰਘ ਨੇ ਧੰਨਵਾਦ ਕੀਤਾ। ਪ੍ਰਧਾਨਗੀ ਭਾਸ਼ਨ ਦੇਦਿਆਂ ਡਾ. ਸ਼ੁਦਰਸਨ ਗਾਸੋ ਨੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ ਅਤੇ ਸੱਥ ਸਮਾਗਮ ਨੂੰ ਹਰ ਪੱਖੋਂ ਬਹੁਤ ਸਫਲ ਆਖਿਆ। ਹੋਰ ਬੁਲਾਰਿਆਂ ਨੇ ਵੀ ਇਸ ਵਿਲੱਖਣ ਸਮਾਗਮ ਦੀ ਭਰਪੂਰ ਪ੍ਰਸ਼ੰਸਾ ਕੀਤੀ।

## 18ਵੇਂ ਸਾਲਾਨਾ ਸਨਮਾਨ ਸਮਾਗਮ (2021)

18ਵੇਂ ਪੁਆਧੀ ਪੰਜਾਬੀ ਸੱਥ ਸਨਮਾਨ ਸਮਾਗਮ ਦੀ ਸ਼ਾਨਦਾਰ ਕਾਰਗੁਜ਼ਾਰੀ

ਮੁਹਾਲੀ : 28 ਨਵੰਬਰ, 2021

ਪੁਆਧੀ ਪੰਜਾਬੀ ਸੱਥ ਮੁਹਾਲੀ ਦਾ 18ਵਾਂ ਸਾਲਾਨਾ ਸਨਮਾਨ ਸਮਾਗਮ 2021 ਦਾ ਭਰਵਾਂ ਇਕੱਠ ਸ਼ਿਵਾਲਿਕ ਪਬਲਿਕ ਸਕੂਲ ਫੇਜ਼ 6, ਮੁਹਾਲੀ ਵਿਖੇ ਹੋਇਆ । ਸਮਾਗਮ ਪੰਜਾਬ ਕਿਸਾਨ ਅੰਦੋਲਨ ਨੂੰ ਸਮਰਪਿਤ ਕਰਦਿਆਂ, ਵਿਛੋੜਾ ਦੇ ਗਏ ਕਿਸਾਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਨਾਲ ਅਰੰਭ ਹੋਇਆ । ਪੁਆਧ ਦੀਆਂ ਸੱਤ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਦੀ ਰਸਮ ਸਮਾਗਮ ਪ੍ਰਧਾਨ ਡਾ. ਗੁਰਮੀਤ ਸਿੰਘ (ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਨਿਰਮਲ ਸਿੰਘ ਲਾਂਬੜਾ (ਸੱਥਾਂ ਦੇ ਸੰਚਾਲਕ) ਅਤੇ ਡਾ. ਨਾਹਰ ਸਿੰਘ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ ਨਿਭਾਈ ।ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਮਹਿਮਾਨਾਂ ਦਾ ਸੁਆਗਤ ਕਰਦਿਆਂ, ਸੱਥ ਦੀਆਂ ਪ੍ਰਾਪਤੀਆਂ ਅਤੇ ਸਮਾਗਮ ਬਾਰੇ ਚਾਨਣਾ ਪਾਇਆ । ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ ਮੇਹਰ ਸਿੰਘ ਥੇੜੀ ਕਿਸਾਨ ਆਗੂ ਨੂੰ, ਢਾਡੀ ਪ੍ਰੀਤਮ ਸਿੰਘ ਪੁਰਸਕਾਰ ਢਾਡੀ ਜਸਪਾਲ ਸਿੰਘ ਤਾਨ (ਖੇੜੀ) ਨੂੰ ਮਾ. ਗੁਰਚਰਨ ਸਿੰਘ ਸਕਰੁੱਲਾਰਪੁਰ ਪੁਰਸਕਾਰ ਹਰਪ੍ਰੀਤ ਇੰਦਰ ਸਿੰਘ (ਜਟਾਣਾ) ਨੂੰ, ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ ਗੁਰਮੁਖੀ ਦੇਵੀ (ਰੋਪੜ) ਨੂੰ, ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ ਬਾਬਾ ਸਾਧੂ ਸਿੰਘ (ਸਾਰੰਗਪੁਰ) ਨੂੰ, ਗਿ. ਰਤਨ ਸਿੰਘ ਸਹੌੜਾਂਵਾਲਾ ਪੁਰਸਕਾਰ ਪੱਤਰਕਾਰ ਕੇਵਲ ਸਿੰਘ ਰਾਣਾ ਮੋਹਾਲੀ ਨੂੰ ਅਤੇ ਬਾਬਾ ਪ੍ਰਤਾਪ ਸਿੰਘ ਬੈਦਵਾਨ ਪੁਰਸਕਾਰ ਅਲਗੋਜ਼ਾਵਾਦਕ ਅਨੁਰੀਤਪਾਲ ਕੌਰ ਨੂੰ ਦਿਤਾ ਗਿਆ । ਪੁਰਸਕਾਰ ਵਿੱਚ ਨਕਦ ਰਾਸ਼ੀ, ਸ਼ਾਲ, ਮਮੈਂਟੋ, ਸਨਮਾਨ ਪੱਤਰ ਅਤੇ ਪੁਸਤਕਾਂ ਪ੍ਰਦਾਨ ਕੀਤੀਆਂ ਗਈਆਂ । ਸਨਮਾਨ ਪੱਤਰ ਜਸਪਾਲ ਸਿੰਘ ਕੰਵਲ, ਮਨਮੋਹਨ ਸਿੰਘ ਦਾਊਂ, ਜਗਦੀਪ ਸਿੰਘ ਬੈਦਵਾਨ, ਜੀਵਨ ਸਿੰਘ, ਕਮਲਪ੍ਰੀਤ ਕੌਰ ਦਾਊਂ, ਰਵਿੰਦਰ ਸਿੰਘ ਤੇ ਪ੍ਰੋ. ਸੁਖਵਿੰਦਰ ਸਿੰਘ ਨੇ ਪੇਸ਼ ਕੀਤੇ । ਪੁਸਤਕ ਪੁਰਸਕਾਰ "ਬਾਬੇ ਤਾਰੇ ਚਾਰਿ ਚਕਿ" ਲੇਖਕ ਜਗਦੀਸ਼ ਸਿੰਘ ਢਿੱਲੋਂ ਅਤੇ "ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਦਰਪਣ ਅਤੇ ਬਾਣੀ ਪ੍ਰਸੰਗਤਾ"

ਲੇਖਿਕਾ ਦਲਜੀਤ ਕੌਰ ਦਾਊਂ ਨੂੰ ਦਿਤੇ ਗਏ । ਇਸ ਮੌਕੇ 'ਮਨਮੋਹਨ ਸਿੰਘ ਦਾਊਂ ਦਾ ਬਾਲ ਸਾਹਿਤ 'ਭਾਗ ਪਹਿਲਾ ਮੁੱਖ ਸੰਪਾਦਕ ਸੁਖਵਿੰਦਰ ਸਿੰਘ 'ਸਤਿਕਾਰ ਯੋਗ ਸਿੱਖ ਮਾਤਾਵਾਂ ਅਤੇ ਬੀਬੀਆਂ' ਲੇਖਕ ਬਹਾਦਰ ਸਿੰਘ ਗੋਸਲ, 'ਯਾਤਰਾਵਾਂ ਦੇ ਸੰਗ' ਲੇਖਕ ਦਰਸ਼ਨ ਸਿੰਘ ਬਨੂੜ 'ਸ਼ਬਦਾਂ ਦੀ ਦਸਤਕ' ਲੇਖਕ ਹਰਜਿੰਦਰ ਸਿੰਘ ਸਾਈਂ ਅਤੇ ਅਦਭੁੱਤ ਦਰਸ਼ਨ ਰਹੱਸ 'ਲੇਖਕ ਪ੍ਰਿੰ. ਦਲਜੀਤ ਸਿੰਘ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਜਿਹਨਾ ਬਾਰੇ ਡਾ. ਰਾਜਿੰਦਰ ਸਿੰਘ ਕੁਰਾਲੀ, ਡਾ. ਜਸਪਾਲ ਸਿੰਘ ਜੱਸੀ, ਦਰਸ਼ਨ ਸਿੰਘ ਬਨੂੜ, ਡਾ. ਰਾਜਿੰਦਰ ਸਿੰਘ ਕੰਬੋਜ਼ ਅਤੇ ਹਰੀ ਸਿੰਘ ਮੌਜਪੁਰੀ ਨੇ ਜਾਣਕਾਰੀ ਦਿੱਤੀ । ਡਾ. ਨਿਰਮਲ ਸਿੰਘ ਲਾਂਬੜਾ ਅਤੇ ਡਾ. ਨਾਹਰ ਸਿੰਘ ਨੇ ਸੱਥ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ । ਪ੍ਰਧਾਨਗੀ ਭਾਸ਼ਣ ਦੇਂਦਿਆਂ ਡਾ. ਗੁਰਮੀਤ ਸਿੰਘ ਨੇ ਸੱਥ ਦੇ ਨਿਵੇਕਲੇ ਸਮਾਗਮ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕੀਤੀ ਤੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ । ਸੱਥ ਵੱਲੋਂ ਪ੍ਰਧਾਨਗੀ ਮੰਡਲ ਤੇ ਪੁਰਸਕਾਰ ਦੇਣ ਵਾਲੇ ਪਰਿਵਾਰਾਂ ਨੂੰ ਯਾਦ-ਚਿੰਨ੍ਹ ਭੇਟਾ ਕੀਤੇ ਗਏ । ਢਾਡੀ ਗਾਇਕੀ ਅਤੇ ਲੋਕ ਰੰਗ ਦਾ ਸਰੋਤਿਆਂ ਨੇ ਖੂਬ ਅਨੰਦ ਮਣਿਆ । ਮੰਚ ਸੰਚਾਲਨ ਪ੍ਰਿੰ. ਗੁਰਮੀਤ ਸਿੰਘ ਖਰੜ ਨੇ ਕੀਤਾ । ਇਸ ਸਮਾਗਮ ਵਿਚ ਦੂਰੋਂ-ਨੇੜਿਓ ਵੱਡੀ ਗਿਣਤੀ ਵਿਚ ਲੇਖਕਾਂ, ਸਾਹਿਤਕਾਰਾਂ, ਵਿਦਵਾਨਾਂ, ਕਿਸਾਨਾਂ, ਕਲਾਕਾਰਾਂ ਤੇ ਪੁਆਧੀਆਂ ਨੇ ਸ਼ਿਰਕਤ ਕੀਤੀ ।

### 19ਵਾਂ ਸਾਲਾਨਾ ਸਨਮਾਨ ਸਮਾਗਮ

ਪੁਆਧੀ ਪੰਜਾਬੀ ਸੱਥ ਵੱਲੋਂ ਪੁਆਧ ਇਲਾਕੇ ਦੀਆਂ ਸ਼ਖ਼ਸੀਅਤਾਂ ਦਾ ਸਨਮਾਨ ਮੁਹਾਲੀ, 27 ਨਵੰਬਰ (ਨਿਆਮੀਆਂ) - ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਨੂੰ ਸਮਰਪਿਤ ਪੰਜਾਬੀ ਸੱਥ ਮੁਹਾਲੀ ਦਾ 19ਵਾਂ ਸਾਲਾਨਾ ਸਮਾਗਮ ਸ਼ਿਵਾਲਿਕ ਪਬਲਿਕ ਸਕੂਲ ਫੇਜ਼-6 ਵਿਖੇ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾਇਰੈਕਟਰ ਮੀਡੀਆ, ਰਿਆਤ ਬਾਹਰਾ ਯੂਨੀਵਰਸਿਟੀ ਡਾ. ਕੇ. ਕੇ. ਰੱਤੂ ਨੇ ਸਮਾਗਮ ਨੂੰ ਹਰ ਪੱਖੋਂ ਸਫਲ ਆਖਿਆ । ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸਮਾਗਮ ਦੀ ਰੂਪਰੇਖਾ 'ਤੇ ਚਾਨਣਾ ਪਾਇਆ। ਸਮਾਗਮ ਦੇ ਆਰੰਭ 'ਚ ਢਾਡੀ ਗੁਰਨਾਮ ਸਿੰਘ ਮੋਹੀ ਦੇ ਜਥੇ ਨੇ ਕਾਵਿ-ਪ੍ਰਸੰਗ ਪੇਸ਼ ਕੀਤਾ।

ਪੁਆਧ ਖੇਤਰ ਦੀਆਂ 7 ਨਾਮਵਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਦੀ ਰਸਮ ਸਾਬਕਾ ਵਾਇਸ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਡਾ. ਗੁਰਦੇਵ ਸਿੰਘ ਸਿੱਧੂ, ਡਾ. ਨਿਰਮਲ ਸਿੰਘ ਲਾਂਬੜਾ (ਸਰਪ੍ਰਸਤ) ਅਤੇ ਡਾ. ਬਲਜੀਤ ਸਿੰਘ (ਕਨਵੀਨਰ) ਨੇ ਨਿਭਾਈ। ਇਸ ਵਰ੍ਹੇ ਬੀਬਾ ਹਰਪ੍ਰੀਤ ਕੌਰ (ਛੱਤ) ਇੰਸਪੈਕਟਰ ਪੰਜਾਬ ਪੁਲਸ ਨੂੰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਗੁਰਨਾਮ ਸਿੰਘ ਮੋਹੀ ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ, ਗਲਪਕਾਰ ਸ਼ਮਸ਼ੇਰ ਸਿੰਘ ਡੂਮੇਵਾਰ ਨੂੰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ, ਸ/ਲ ਉਦਮੀ ਕਿਸਾਨ ਨਿਰਮਲ ਸਿੰਘ ਤੰਗੌਰੀ ਨੂੰ ਜਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ, ਭਾਈ ਬਲਦੇਵ ਸਿੰਘ ਪੋਪਨਿਆਂ ਨੂੰ ਗਿ. ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ, ਪੁਆਧੀ ਮਿਊਜ਼ੀਅਮ ਦੇ ਸਿਰਜਕ ਸਤਨਾਮ ਸਿੰਘ ਜੜ੍ਹਖੇਲਾਂ ਖੇੜੀ ਨੂੰ ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ ਅਤੇ ਅਖਾੜਾ ਕਲਾਕਾਰ ਨਰਿੰਦਰ ਸਿੰਘ ਬੈਦਵਾਨ ਨੂੰ ਭਗਤ ਆਸਾ ਰਾਮ ਪੁਰਸਕਾਰ ਬਾਬਾ ਪ੍ਰਤਾਪ ਸਿੰਘ ਸੋਹਾਣਾ ਦੀ ਯਾਦ ਵਿਚ ਦਿੱਤਾ ਗਿਆ। ਇਸ ਸਨਮਾਨ ਵਿਚ ਰਾਸ਼ੀ, ਲੋਈ, ਮੋਮੈਂਟੋ ਤੇ ਪੁਸਤਕਾਂ ਦਿਤੀਆਂ। ਸਨਮਾਨ ਪੱਤਰ ਕਮਲਪ੍ਰੀਤ ਕੌਰ ਦਾਊਂ, ਪ੍ਰੋ. ਸੁਖਵਿੰਦਰ ਸਿੰਘ, ਜਗਦੀਪ ਸਿੰਘ ਬੈਦਵਾਨ, ਡਾ. ਜਸਵਿੰਦਰ ਸਿੰਘ ਧਾਲੀਵਾਲ, ਦਰਸ਼ਨ ਬਨੂੜ ਅਤੇ ਡਾ. ਸਿਮਰਜੀਤ ਕੌਰ ਨੇ ਪੇਸ਼ ਕੀਤੇ।

ਇਸ ਮੌਕੇ ਪੁਸਤਕ ਪੁਰਸਕਾਰ 'ਮੁਗ਼ਲ ਸ਼ਹਿਰ ਸਰਹਿੰਦ ਦੀਆਂ ਯਾਦਗਾਰਾਂ' ਲੇਖਕ ਗੁਰਬਚਨ ਸਿੰਘ ਵਿਰਦੀ ਅਤੇ 'ਅੱਖੀ ਡਿੱਠੇ ਰੰਗਲੇ ਪੰਛੀ' ਲੇਖਕ ਸਤਵਿੰਦਰ ਸਿੰਘ ਮੜੌਲਵੀ ਨੂੰ ਦਿੱਤੇ ਗਏ। ਇਸ ਮੌਕੇ ਤਿੰਨ ਪੁਸਤਕਾਂ 'ਆਦਿ ਜੁਗਾਦਿ ਪੁਆਧ' (ਸੰਪਾਦਕ ਮਨਮੋਹਨ ਸਿੰਘ ਦਾਊਂ), ਜ਼ਿੰਦਗੀ ਦੀ ਕਿਣਮਿਣ ਕਾਣੀ (ਲੇਖਕ ਨਿਰੰਜਣ ਸਿੰਘ ਸੈਲਾਨੀ) ਅਤੇ 'ਪੰਜਾਬੀ ਸੱਭਿਆਚਾਰ ਦੀਆਂ ਸਤਰੰਗੀ ਪੀਂਘਾਂ' (ਲੇਖਕ ਬਹਾਦਰ ਸਿੰਘ ਗੋਸਲ) ਲੋਕ ਅਰਪਣ ਕੀਤੀਆਂ ਗਈਆਂ।

ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਜੀ. ਕੇ. ਸਿੰਘ ਨੇ ਸੱਥ ਨਾਲ ਆਪਣੀ ਨੇੜਤਾ ਤੇ ਮੁਹੱਬਤ ਲਿਖਤ ਰਾਹੀਂ ਭੇਜੀ।

ਡਾ. ਨਿਰਮਲ ਸਿੰਘ ਲਾਬੜਾਂ ਨੇ ਪੁਆਧੀ ਪੰਜਾਬੀ ਸੱਥ ਨੂੰ ਸ਼੍ਰੋਮਣੀ ਸੱਥ ਦਾ ਰੁਤਬਾ ਦਿੱਤਾ। ਪ੍ਰਵਾਸੀ ਸਭਾ ਪੰਜਾਬ ਦੇ ਜ਼ਿਲ੍ਹਾ ਯੂਨਿਟ ਵੱਲੋਂ ਸਾਬਕਾ ਪ੍ਰਧਾਨ ਸੇਵਾ ਸਿੰਘ ਨੇ ਪੁਆਧੀ ਪੰਜਾਬੀ ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਦਾ ਸਮੁੱਚੇ ਕਾਰਜ ਲਈ ਸਨਮਾਨ ਕੀਤਾ।

### 20ਵਾਂ ਸਨਮਾਨ ਸਮਾਗਮ 2023

ਮੁਹਾਲੀ – ਪੁਆਧੀ ਪੰਜਾਬੀ ਸੱਥ ਦਾ 20ਵਾਂ ਸਾਲਾਨਾ ਸਨਮਾਨ ਸਮਾਗਮ ਕਹਾਣੀਕਾਰ ਨਵਤੇਜ ਪੁਆਧੀ ਨੂੰ 10 ਦਸੰਬਰ, 2023 ਨੂੰ ਸ਼ਿਵਾਲਿਕ ਪਬਲਿਕ ਸਕੂਲ ਫੇਜ਼ 6, ਮੁਹਾਲੀ ਵਿਖੇ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਨਿਰਮਲ ਸਿੰਘ ਲਾਂਬੜਾ (ਜਲੰਧਰ) ਨੇ ਕੀਤੀ ਤੇ ਮੁੱਖ-ਮਹਿਮਾਨ ਵੱਜੋਂ ਡਾ. ਗੀਤਾ ਬੀ.ਏ, ਐਮ.ਐਸ, ਆਈ.ਐਸ., ਐਮ.ਐਮ.ਡੀ. (ਏ.ਐਮ.) ਆਯੂਰਵੈਦਿਕ ਸਪੈਸ਼ਲਿਸਟ ਨੇ ਕੀਤੀ, ਜਿਸ ਨੇ ਸੱਥ ਦੇ ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ 'ਪੁਆਧੀ ਸਨਮਾਨਿਤ ਸ਼ਖ਼ਸੀਅਤਾਂ' ਪੁਸਤਕ ਲੋਕ ਅਰਪਣ ਕੀਤੀ ਗਈ। ਪੁਆਧ ਦੀਆਂ 8 ਉੱਘੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ'ਚ ਡਾ. ਸਤਬੀਰ ਸਿੰਘ ਗੋਸਲ (ਮਜਾਤੜੀ) ਵੀ. ਸੀ., ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ, ਕਰਨਲ ਸ਼ਮਸ਼ੇਰ ਸਿੰਘ ਧਨੋਆ (ਸੇਵਾ ਮੁਕਤ) ਨੂੰ ਗਿ. ਰਤਨ ਸਿੰਘ ਸਹੌੜਾਂਵਾਲਾ ਪੁਰਸਕਾਰ, ਗਿ. ਸਵਰਨ ਸਿੰਘ ਢੰਗਰਾਲੀ ਨੂੰ ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ, ਸ. ਤਾਰਾ ਸਿੰਘ ਸ਼ਾਹਪੁਰ ਚੰਡੀਗੜ੍ਹ ਨੂੰ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ, ਢਾਡੀ ਲਖਵਿੰਦਰ ਸਿੰਘ ਪਾਰਸ ਰਜੌਰੀ ਨੂੰ ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ, ਡਾ. ਜੈਸਮੀਨ ਕੌਰ ਧਨੋਆ ਰੁਪਾਲਹੇੜੀ ਨੂੰ ਮਾ. ਰਘਬੀਰ ਸਿੰਘ ਬੈਦਵਾਨ ਪੁਰਸਕਾਰ, ਸ਼੍ਰੀ ਅਸ਼ੋਕ ਕੁਮਾਰ ਬਜਹੇੜੀ ਨੂੰ ਮਾ. ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਅਤੇ ਕਲਾਕਾਰ ਰਾਜਿੰਦਰ ਸਿੰਘ ਧਨਾਸ ਨੂੰ ਭਗਤ ਆਸਾ ਰਾਮ ਸੋਹਾਣਾ ਪੁਰਸਕਾਰ (ਬਾਬਾ ਪ੍ਰਤਾਪ ਸਿੰਘ ਬੈਦਵਾਨ ਦੀ ਯਾਦ ਵਿੱਚ) ਦਿੱਤੇ ਗਏ। ਪੁਰਸਕਾਰ ਵਿੱਚ 51 ਸੌ ਰੁਪਏ ਰਾਸ਼ੀ, ਲੋਈ, ਸਨਮਾਨ ਚਿੰਨ, ਸ਼ੋਭਾ ਪੱਤਰ ਅਤੇ ਪੁਸਤਕਾਂ ਦਿੱਤੀਆਂ ਗਈਆਂ। ਸੱਥ ਦੇ ਮੁਖੀ ਮਨਮੋਹਨ ਸਿੰਘ ਦਾਊਂ ਨੇ ਸੁਆਗਤ ਕਰਦਿਆਂ ਸੱਥ ਦੀਆਂ ਪ੍ਰਾਪਤੀਆਂ ਅਤੇ ਸਮਾਗਮ ਬਾਰੇ ਜਾਣਕਾਰੀ ਦਿੱਤੀ)। ਡਾ. ਨਿਰਮਲ ਸਿੰਘ ਲਾਂਬੜਾ ਨੇ ਧੰਨਵਾਦ ਕਰਦਿਆਂ ਸੱਥਾਂ ਦੇ ਕਾਰਜਾਂ ਤੇ ਸੰਕਲਪਾਂ'ਤੇ ਚਾਨਣਾ ਪਾਇਆ। ਸੱਥ ਦਾ ਸੌਵੀਨਾਰ ਵੰਡਿਆ ਗਿਆ।


ਇਸ ਸਮਾਗਮ ਵਿੱਚ ਸੌ ਤੋਂ ਵੱਧ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸੰਚਾਲਨ ਬਾਖੂਬੀ ਪ੍ਰਿੰ. ਗੁਰਮੀਤ ਸਿੰਘ ਖਰੜ ਨੇ ਕੀਤਾ। ਪੁਰਸਕਾਰਾਂ ਲਈ ਰਾਸ਼ੀ ਦੇਣ ਵਾਲੇ ਪਰਿਵਾਰਾਂ ਨੂੰ ਵੀ ਵਡਿਆਈ ਦਿੱਤੀ ਗਈ। ਹਰ ਕਿਸੇ ਨੇ ਸਮਾਗਮ ਦੀ ਪ੍ਰਸ਼ੰਸਾ ਕੀਤੀ ਤੇ ਅੱਗੋਂ ਲਈ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਡਾ. ਗੀਤਾ ਨੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਸੱਥ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

## ਪੁਆਧ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਜਿਨ੍ਹਾਂ ਦੀ ਯਾਦ ਵਿੱਚ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੁਰਸਕਾਰ ਦਿੱਤੇ ਗਏ:

1. ਡਾ. ਐਮ .ਐਸ ਰੰਧਾਵਾ
2. ਸ਼ਹੀਦ ਕਾਂਸ਼ੀ ਰਾਮ (ਮੜੌਲੀ)
3. ਮਾ. ਸਰੂਪ ਸਿੰਘ ਨੰਬਰਦਾਰ
4. ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ
5. ਸਰਦਾਰਨੀ ਜਸਮੇਰ ਕੌਰ
6. ਬਾਬਾ ਬੰਦਾ ਸਿੰਘ ਬਹਾਦਰ
7. ਗਿ. ਦਿੱਤ ਸਿੰਘ (ਕਲੌੜ)
8. ਜੱਥੇਦਾਰ ਆਤਮਾ ਸਿੰਘ ਸੰਤੇਮਾਜਰਾ
9. ਸ. ਬਦਨ ਸਿੰਘ ਅਭੇਪੁਰ
10. ਭਗਤ ਆਸਾ ਰਾਮ (ਸੋਹਾਣਾ)
11. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼
12. ਸ. ਹਰਚੰਦ ਸਿੰਘ ਪਟਵਾਰੀ
13. ਮਾ. ਗੁਰਚਰਨ ਸਿੰਘ ਸਕਰੁੱਲਾਪੁਰ
14. ਬਾਬਾ ਪ੍ਰੀਤਮ ਸਿੰਘ ਕੁਰੜੀ
15. ਗਿ. ਗੁਰਚਰਨ ਸਿੰਘ (ਅੰਮ੍ਰਿਤਸਰ)
16. ਗਿ. ਰਤਨ ਸਿੰਘ ਸਹੌੜਾਂਵਾਲਾ
17. ਢਾਡੀ ਪ੍ਰੀਤਮ ਸਿੰਘ ਕਲੌੜ
18. ਮਾਤਾ ਮਹਿੰਦਰ ਕੌਰ
19. ਸ. ਰਘਬੀਰ ਸਿੰਘ ਬੈਦਵਾਨ (ਮਟੌਰ)
20. ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ
21. ਬਾਬਾ ਪ੍ਰਤਾਪ ਸਿੰਘ ਬੈਦਵਾਨ
22. ਸ੍ਰੀਮਤੀ ਰਵਿੰਦਰ ਕੌਰ

# ਸੱਥ ਵੱਲੋਂ ਦਿੱਤੇ ਗਏ ਪੁਸਤਕ ਪੁਰਸਕਾਰ

| | | |
|---|---|---|
| 2014 | ਪੁਆਧ ਕੇ ਘਰਾਟਾਂ ਕਾ ਆਟਾ – | ਲੇਖਕ : ਭੁਪਿੰਦਰ ਸਿੰਘ ਮਟੌਰੀਆ |
| 2015 | ਉੱਖੜੇ ਲੋਕ (ਨਾਵਲ) | ਲੇਖਕ: ਸੰਤਵੀਰ |
| 2016 | (1) ਸੁਰ ਹੋਈ ਰਬਾਬ (ਕਾਵਿ–ਪੁਸਤਕ) | ਲੇਖਕ: ਦਰਸ਼ਨ ਸਿੰਘ ਬਨੂੜ |
| | (2) ਪੰਜਾਬੀ–ਨਾਵਲ ਪ੍ਰਮੁੱਖ ਸਰੋਕਾਰ (ਆਲੋਚਨਾ) | ਲੇਖਿਕਾ: ਡਾ. ਮਿਨਾਕਸ਼ੀ ਰਠੌਰ |
| 2018 | (1) ਬੰਦਾ ਸਿੰਘ ਬਹਾਦਰ ਇੱਕ ਲਾਸਾਨੀ ਯੋਧਾ (ਜੀਵਨੀ) | ਲੇਖਕ: ਗੁਰਪ੍ਰੀਤ ਸਿੰਘ ਨਿਆਮੀਆਂ |
| | (2) ਪੁਆਧੀ ਉਪਭਾਸ਼ਾ ਦੀ ਵਿਆਕਰਨ | (ਖੋਜ ਪੁਸਤਕ) ਲੇਖਿਕਾ : ਪ੍ਰੋ. ਹਰਪ੍ਰਵੀਨ ਕੌਰ |
| 2019 | (1) ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ (ਖੋਜ ਪੁਸਤਕ) | ਲੇਖਕ: ਅਲੀ ਰਾਜਪੁਰਾ |
| | (2) ਰੇਤ ਦਾ ਟਿੱਲਾ (ਕਾਵਿ–ਸੰਗ੍ਰਹਿ) | ਲੇਖਕ: ਸਵਰਨ ਸਿੰਘ |
| 2020 | 31 ਅਕਤੂਬਰ (ਆਤਮਕਥਾ) | ਲੇਖਿਕਾ: ਡਾ. ਜਤਿੰਦਰ ਕੌਰ |
| 2021 | (1) ਬਾਬੇ ਤਾਰੇ ਚਾਰਿ ਚਕਿ | ਲੇਖਕ: ਜਗਦੀਸ਼ ਸਿੰਘ ਢਿੱਲੋਂ |
| | (2) ਸ੍ਰੀ ਗੁਰੂ ਤੇਗ ਬਹਾਦਰ : ਜੀਵਨ ਦਰਪਣ ਤੇ ਬਾਣੀ ਪ੍ਰਸੰਗਤਾ | ਲੇਖਿਕਾ: ਦਲਜੀਤ ਕੌਰ ਦਾਊਂ |
| 2022 | (1) ਮੁਗਲ ਸ਼ਹਿਰ ਸਰਹਿੰਦ ਦੀਆਂ ਯਾਦਗਾਰਾਂ | ਲੇਖਕ: ਗੁਰਬਚਨ ਸਿੰਘ ਵਿਰਦੀ |
| | (2) ਅੱਖੀਂ ਡਿੱਠੇ ਰੰਗਲੇ ਪੰਛੀ | ਲੇਖਕ: ਸਤਵਿੰਦਰ ਸਿੰਘ ਮੜੌਲਵੀ |


ਪੁਆਧੀ ਪੰਜਾਬੀ ਸੱਥ (ਮੁਹਾਲੀ) ਦੇ ਸਾਲਾਨਾ ਸਨਮਾਨ ਸਮਾਗਮ
ਲਈ ਸਾਡੀਆਂ ਸ਼ੁਭ–ਇੱਛਾਵਾਂ !

*S.K. Jain*
*Ashok Jain*
*Ajay Jain*

9814008374
9815007404

**NORTHERN INDIA STEEL FABRICATORS & ALLIED INDUSTRIES**

*FABRICATORS & MANUFACTURERS OF*
Fancy Wooden, Steel Furniture, Pharmaceutical
S.S. Equipment & Govt. Order Suppliers

Factory: C-5, Indl. Estate, Phase-1 (Sec-56), S.A.S. Nagar (Distt. Mohali)
Website: indiamart.com/northernfurniture | email: nisfai@gmail.com

ਡਾ. ਨਿਰਮਲ ਸਿੰਘ
ਸਕੱਤਰ

# ਪੰਜਾਬੀ ਸੱਥ ਦਾ ਤਾਣਾ ਬਾਣਾ

ਮੋਤਾ ਸਿੰਘ ਸਰਾਏ
ਬਦੇਸ਼ੀ ਸੱਥਾਂ ਦਾ ਸੇਵਾਦਾਰ

## ਮੁੱਖ ਸੱਥ

ਪੰਜਾਬੀ ਸੱਥ ਲਾਂਬੜਾ – ਜਲੰਧਰ ਸਰਪ੍ਰਸਤ – ਸ੍ਰ. ਪਿਆਰਾ ਸਿੰਘ (0181-2791004)

## ਇਕਾਈਆਂ

| ਇਕਾਈ ਦਾ ਨਾਂ | ਨਿਗਰਾਨ |
|---|---|
| 1. ਢਾਹਾ ਪੰਜਾਬੀ ਸੱਥ ਬਰਵਾਲੀ ਫਤਹਿਗੜ੍ਹ ਸਾਹਿਬ | ਸ. ਗੁਰਦੀਪ ਸਿੰਘ ਕੰਗ 98148-98050 |
| 2. ਪੁਆਧੀ ਪੰਜਾਬੀ ਸੱਥ ਮੁਹਾਲੀ | ਸ. ਮਨਮੋਹਨ ਸਿੰਘ ਦਾਊਂ 98151-23900 |
| 3. ਮਲਵਈ ਪੰਜਾਬੀ ਸੱਥ ਮੰਡੀ ਕਲਾਂ–ਬਠਿੰਡਾ | ਡਾ. ਲਖਵੀਰ ਸਿੰਘ ਨਾਮਧਾਰੀ 98768-50680 |
| 4. ਰਿਆੜਕੀ ਪੰਜਾਬੀ ਸੱਥ ਹਰਪੁਰਾ ਧੰਦੋਈ–ਗੁਰਦਾਸਪੁਰ | ਸ. ਸੂਬਾ ਸਿੰਘ ਖਹਿਰਾ 98556-50018 |
| 5. ਮਾਝਾ ਪੰਜਾਬੀ ਸੱਥ ਬੁਤਾਲਾ – ਅੰਮ੍ਰਿਤਸਰ | ਬੀਬੀ ਸਵਰਨ ਕੌਰ ਬੱਲ 01853-241452 |
| 6. ਮੰਜਕੀ ਪੰਜਾਬੀ ਸੱਥ ਭੰਗਾਲਾ – ਜਲੰਧਰ | ਪ੍ਰਿੰ. ਕੁਲਵਿੰਦਰ ਸਿੰਘ ਸਰਾਏ 98141-60642 |
| 7. ਦੋਨਾ ਪੰਜਾਬੀ ਸੱਥ ਕਾਹਲਵਾਂ – ਕਪੂਰਥਲਾ | ਸੂਬੇਦਾਰ ਸ਼ਿਵ ਸਿੰਘ ਸ਼ਾਹਪੁਰੀ 94175-16503 |
| 8. ਮਾਝਾ ਪੰਜਾਬੀ ਸੱਥ ਤਰਨਤਾਰਨ | ਸ. ਰਘਬੀਰ ਸਿੰਘ 'ਤੀਰ' 98151-43564 |
| 9. ਹੁਸੈਨੀਵਾਲਾ ਪੰਜਾਬੀ ਸੱਥ ਫਿਰੋਜ਼ਪੁਰ | ਪ੍ਰੋ. ਜਸਵੰਤ ਸਿੰਘ ਕੈਲਵੀ 01632-220132 |
| 10. ਲੱਖੀ ਜੰਗਲ ਪੰਜਾਬੀ ਸੱਥ ਬਠਿੰਡਾ | ਸ. ਲਾਭ ਸਿੰਘ ਸੰਧੂ 0164-2214301 |
| 11. ਪੰਜਾਬੀ ਸੱਥ ਸਰਹਿੰਦ ਫਤਹਿਗੜ੍ਹ ਸਾਹਿਬ | ਸ. ਸੰਤ ਸਿੰਘ ਸੋਹਲ 93166-25738 |
| 12. ਪੰਜਾਬੀ ਸੱਥ ਜਰਗ ਲੁਧਿਆਣਾ | ਸ. ਨਵਜੋਤ ਸਿੰਘ ਮੰਡੇਰ 98154-93603 |
| 13. ਬਾਲ ਸਾਹਿਤ ਪੰਜਾਬੀ ਸੱਥ ਪਟਿਆਲਾ | ਡਾ. ਦਰਸ਼ਨ ਸਿੰਘ ਆਸ਼ਟ 98144-23703 |
| 14. ਲੋਕ ਧਾਰਾ ਪੰਜਾਬੀ ਸੱਥ ਸੁਨਾਮ–ਸੰਗਰੂਰ | ਸ. ਦਲਬਾਰ ਸਿੰਘ ਚੱਠੇ ਸੇਖਵਾਂ 99154-99705 |
| 15. ਪਹਾੜੀ ਪੰਜਾਬੀ ਸੱਥ ਨਰੰਗਪੁਰ – ਹੁਸ਼ਿਆਰਪੁਰ | ਸ੍ਰੀ ਧਰਮਪਾਲ ਸਾਹਿਲ/ਬਲਵੰਤ ਸਿੰਘ 98761-56964 |
| 16. ਸੀਰੋਵਾਲ ਪੰਜਾਬੀ ਸੱਥ ਕੰਧਾਲਾ ਜੱਟਾਂ – ਹੁਸ਼ਿਆਰਪੁਰ | ਡਾ. ਅਰਮਨਪ੍ਰੀਤ ਸਿੰਘ 98722-31840 |
| 17. ਕਾਲੀ ਵੇਈਂ ਪੰਜਾਬੀ ਸੱਥ ਸੁਲਤਾਨਪੁਰ ਲੋਧੀ | ਸ. ਰਵਿੰਦਰ ਸਿੰਘ ਰੌਕੀ 9855306070 |
| 18. ਢੱਕ ਪੰਜਾਬੀ ਸੱਥ ਨਵਾਂਸ਼ਹਿਰ | ਸ. ਰੁਹੂਪਿੰਦਰ ਰੂਪ ਸਿੰਘ ਸੰਧੂ 9463363786 |
| 19. ਪੰਜਾਬੀ ਸੱਥ ਗੁਮਟਾਲਾ ਅੰਮ੍ਰਿਤਸਰ | ਸ੍ਰੀ ਮਰਕਸਪਾਲ ਗੁਮਟਾਲਾ 9872070182 |
| 20. ਅਲੀਵਾਲ ਪੰਜਾਬੀ ਸੱਥ ਪੁੜੈਣ ਲੁਧਿਆਣਾ | ਸ. ਸੁਖਵਿੰਦਰ ਸਿੰਘ 9814900774-75 |
| 21. ਬਿਸਤ ਦੋਆਬ ਪੰਜਾਬੀ ਸੱਥ ਜਲੰਧਰ | ਸ. ਜੋਗਿੰਦਰ ਸਿੰਘ ਘੁੰਮਣ 94179-66873 |
| 22. ਪੰਜਾਬੀ ਸੱਥ ਰਣਸ਼ੀਂਹ ਖੁਰਦ ਨਿਹਾਲ ਸਿੰਘ ਵਾਲਾ | ਬੀਬੀ ਚਰਨਜੀਤ ਕੌਰ ਧਾਲੀਵਾਲ 98783-60837 |
| 23. ਬਾਗੜੀ ਪੰਜਾਬੀ ਸੱਥ – ਕਰੀਵਾਲਾ ਸਿਰਸਾ – ਹਰਿਆਣਾ | ਡਾ. ਕਸ਼ਮੀਰ ਸਿੰਘ ਹਾਂਡਾ 094168-06206 |
| 24. ਹਰਿਆਣਵੀ ਪੰਜਾਬੀ ਸੱਥ ਅੰਬਾਲਾ ਸ਼ਹਿਰ–ਹਰਿਆਣਾ। | ਸ. ਗੁਰਚਰਨ ਸਿੰਘ ਜੋਗੀ 094162-79634 |
| 25. ਨੌਜੁਆਨ ਪੰਜਾਬੀ ਸੱਥ ਚੰਡੀਗੜ੍ਹ | ਸ. ਜਗਤਾਰ ਸਿੰਘ ਦਿਉਲ 9914908751 |
| 26. ਪੰਜਾਬੀ ਸੱਥ ਦਿੱਲੀ ਰੋਹਨੀ–ਦਿੱਲੀ | ਡਾ. ਚਰਨਜੀਤ ਸਿੰਘ 09811116003 |
| 27. ਰਾਵੀ ਪੰਜਾਬੀ ਸੱਥ ਕਠੂਆ ਜੰਮੂ ਕਸ਼ਮੀਰ | ਡਾ. ਜਸਪਾਲ ਸਿੰਘ ਧੂਤ ਸ. ਮਨੋਹਰ ਸਿੰਘ 09469010001 |
| 28. ਹਿਮਾਚਲੀ ਪੰਜਾਬੀ ਸੱਥ ਮੰਡੀ–ਹਿਮਾਚਲ ਪ੍ਰਦੇਸ਼ | ਸ. ਸਾਧਾ ਸਿੰਘ 0981622694 |
| 29. ਲਹਿੰਦਾ ਪੰਜਾਬੀ ਸੱਥ – ਜੜ੍ਹਾਂਵਾਲਾ ਫੈਸਲਾਬਾਦ – ਪਾਕਿ. | ਡਾ. ਤਾਹਿਰ ਮਹਿਮੂਦ 0092-300760783 |
| 30. ਬਾਬਾ ਬੁੱਲ੍ਹੇ ਸ਼ਾਹ ਪੰਜਾਬੀ ਸੱਥ ਚੂਨੀਆਂ–ਕਸੂਰ–ਪਾਕਿ. | ਚੌਧਰੀ ਦਿਲ ਮੁਹੰਮਦ 0092-3464346401 |
| 31. ਪੰਜਾਬੀ ਬਾਲ ਸੱਥ ਲਾਹੌਰ – ਪਾਕਿ. | ਮੁਹੰਮਦ ਅਸ਼ਰਫ ਸੁਹੇਲ 0300-4224210 |
| 32. ਯੂਰਪੀ ਪੰਜਾਬੀ ਸੱਥ ਵਾਲਸਾਲ–ਮਿੱਡਲੈਂਡ ਯੂ.ਕੇ. | ਸ. ਮੋਤਾ ਸਿੰਘ ਸਰਾਏ 0044-785-075-0109 |
| 33. ਕੈਨੇਡੀਅਨ ਪੰਜਾਬੀ ਸੱਥ–ਟੋਰੰਟੋ ਓਨਟੈਰੀਓ–ਕੈਨੇਡਾ | ਸ. ਪਰਮਜੀਤ ਸਿੰਘ ਸੰਧੂ 001-995-814-9909 |
| 34. ਪੰਜਾਬੀ ਸੱਥ ਸਰ੍ਹੀ ਵੈਨਕੂਵਰ ਬੀ.ਸੀ. ਕੈਨੇਡਾ | ਸ. ਹਰਭਜਨ ਸਿੰਘ ਅਠਵਾਲ 001-778-882-2437 |
| 35. ਅਮਰੀਕਨ ਪੰਜਾਬੀ ਸੱਥ–ਐਲਨਜ਼ਬਰਗ ਵਾਸ਼ਿੰਗਟਨ ਯੂ.ਐਸ.ਏ | ਡਾ. ਸਵਰਾਜ ਸਿੰਘ 001-509-962-3652 |
| 36. ਪੰਜਾਬੀ ਸੱਥ ਕੈਲੇਫੋਰਨੀਆ ਵੁੱਡਲੈਂਡ – ਯੂ.ਐਸ.ਏ | ਬੀਬੀ ਰਾਜਬੀਰ ਕੌਰ ਸੇਖੋਂ 001-530-312-0772 |
| 37. ਪੰਜਾਬੀ ਸੱਥ ਜਰਮਨੀ ਫੈਰਡਨ ਐਲਰ – ਜਰਮਨੀ | ਬੀਬੀ ਅੰਜੂਜੀਤ ਸ਼ਰਮਾ 0049-4231-6774522 |
| 38. ਪੰਜਾਬੀ ਸੱਥ ਸਿਡਨੀ ਆਸਟ੍ਰੇਲੀਆ | ਗਿਆਨੀ ਸੰਤੋਖ ਸਿੰਘ 00612-9675-7050 |
| 39. ਪੰਜਾਬੀ ਸੱਥ ਬ੍ਰਿਸਬੇਨ ਆਸਟ੍ਰੇਲਿਆ | ਸ. ਦਲਬੀਰ ਸਿੰਘ ਸੁੰਮਨ 0061-433-681-429 |
| 40. ਪੰਜਾਬੀ ਸੱਥ ਪਰਥ ਆਸਟ੍ਰੇਲਿਆ | ਸ. ਹਰਲਾਲ ਸਿੰਘ ਬੈਂਸ 0061431024501 |

## ਭਰਾਤਰੀ ਜਥੇਬੰਦੀਆਂ

1. ਧਰਤਿ ਸੁਹਾਵੀ – ਜਲੰਧਰ
   ਡਾ. ਬਲਬੀਰ ਸਿੰਘ ਭੌਰਾ, 98141-78867
2. ਚੌਗਿਰਦਾ ਬਚਾਓ ਕਮੇਟੀ ਪੰਜਾਬ–ਜਲੰਧਰ
   ਕੈਪਟਨ ਸਰਬਜੀਤ ਸਿੰਘ ਢਿੱਲੋਂ
   98154-36470
3. ਸਾਡਾ ਪੰਜਾਬ (ਮਾਸਕ) ਜਲੰਧਰ
   ਸ. ਇੰਦਰਜੀਤ ਸਿੰਘ ਘੁੰਗਰਾਲੀ
   94653-30101
4. ਨਿਰਮਲ ਦੇਹੀ (ਦੋ ਮਾਸਿਕ) ਜਲੰਧਰ
   ਸ. ਜਸਵੀਰ ਸਿੰਘ ਸ਼ੀਰੀ
   89688-69095
5. ਸਾਵੀ ਧਰਤੀ ਟਰੱਸਟ ਲਾਂਬੜਾ ਜਲੰਧਰ
   ਸ. ਰਾਮ ਸਿੰਘ ਢੇਸੀ, 0181-2791699
6. ਰੂਬਰੂ (ਤ੍ਰੈਮਾਸਿਕ) ਫਗਵਾੜਾ
   ਸ੍ਰੀ ਜਸਵਿੰਦਰ ਮਹਿਰਮ
   98156-98451
7. ਮੀਡੀਆ ਪੰਜਾਬ–ਜਰਮਨੀ
   ਬੀਬੀ ਗੁਰਦੀਸ਼ ਪਾਲ ਕੌਰ ਬਾਜਵਾ
   ਸ. ਬਲਦੇਵ ਸਿੰਘ ਬਾਜਵਾ,
   +41 (0) 180-3551828454

ਵਿਰਾਸਤੀ ਅਜਾਇਬ ਘਰ : ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖ਼ਾਲਸਾ ਮਾਡਲ ਸੀ.ਸੈਕੰ. ਸਕੂਲ ਲਾਂਬੜਾ–ਜਲੰਧਰ
ਦੇਖ–ਰੇਖ ਸ. ਗੁਰਦਿਆਲ ਸਿੰਘ ਚਿੱਟੀ ਪ੍ਰਧਾਨ, 98154-02002
ਪ੍ਰਿੰ.ਅਜੀਤ ਸਿੰਘ ਸੈਣੀ (0181-2791014)
ਬੀਬੀ ਅੰਮ੍ਰਿਤਪਾਲ ਕੋਰ (0181-2791014)

**ਆਪਣੇ ਪੁਰਖਿਆਂ ਦੀ ਯਾਦ ਵਿਚ ਜਿਨ੍ਹਾਂ ਪਰਿਵਾਰਾਂ ਨੇ ਇਸ ਸਾਲ ਪੁਰਸਕਾਰ ਦੇਣ ਲਈ ਰਾਸ਼ੀ ਅਤੇ ਸਹਿਯੋਗ ਦਿੱਤਾ, ਪੁਆਧੀ ਪੰਜਾਬੀ ਸੱਥ ਉਨ੍ਹਾਂ ਦੀ ਸ਼ੁਕਰਗੁਜ਼ਾਰ ਹੈ:**

1. **ਸ. ਮਨਮੋਹਨ ਸਿੰਘ ਦਾਊਂ ਪਰਿਵਾਰ (ਮੁਹਾਲੀ) ਵੱਲੋਂ**
   ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ
2. **ਸ. ਜਸਪਾਲ ਸਿੰਘ ਕੰਵਲ ਪਰਿਵਾਰ ਵੱਲੋਂ**
   ਢਾਡੀ ਪ੍ਰੀਤਮ ਸਿੰਘ ਕਲੌੜ ਪੁਰਸਕਾਰ
3. **ਸ. ਜਗਦੀਪ ਸਿੰਘ ਬੈਦਵਾਨ (ਮਟੌਰ) ਪਰਿਵਾਰ ਵੱਲੋਂ**
   ਮਾਸਟਰ ਰਘਬੀਰ ਸਿੰਘ ਬੈਦਵਾਨ ਪੁਰਸਕਾਰ
4. **ਸ. ਹਰਮੀਤ ਸਿੰਘ ਬਡਹੇੜੀ ਪਰਿਵਾਰ ਵੱਲੋਂ**
   ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਪੁਰਸਕਾਰ
5. **ਸ. ਕੇਸਰ ਸਿੰਘ ਬੈਦਵਾਨ (ਸੋਹਾਣਾ) ਪਰਿਵਾਰ ਵੱਲੋਂ**
   ਬਾਬਾ ਪ੍ਰਤਾਪ ਸਿੰਘ ਬੈਦਵਾਨ ਦੀ ਯਾਦ 'ਚ ਭਗਤ ਆਸਾ ਰਾਮ ਪੁਰਸਕਾਰ
6. **ਸ. ਯਾਦਵਿੰਦਰ ਸਿੰਘ ਪਰਿਵਾਰ ਸੰਨੀ ਇੰਨਕਲੇਵ, ਖਰੜ ਵਲੋਂ**
   ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ ਪੁਰਸਕਾਰ
7. **ਸ. ਇਕਬਾਲ ਸਿੰਘ ਸਰੋਆ, ਮੁਹਾਲੀ ਵੱਲੋਂ**
   ਸ੍ਰੀਮਤੀ ਰਵਿੰਦਰ ਕੌਰ ਯਾਦਗਾਰੀ ਪੁਰਸਕਾਰ


PRIT PAL DHINDSA
AMRIT PAL DHINDSA

+91 98141 14985
+91 99888 14985
E-mail : dhindsa8000@hotmail.com

# MOHALI ELECTRICALS

Specialist & Expert in :
Erection of M.T./I.T. Lines
Transformers & Getting Approved
Electrical Schemes
of Moga Projects & Compplexes

Stockist &Suppliers of :
P.S.P.C. Ltd/U.T. Approved
Electronic Meters
Transformers C.T.P.T. Unit
H.T./L.T. Overhead, Lines Material
Cables& & Conductors etc.

D-1, Industrial Area, Near 66 KV Substation
(P.S.P.C. Ltd. Complex, Phase-1, Mohali

## ਪੁਆਧ ਬਾਰੇ ਗਿਆਨ ਵਿੱਚ ਵਾਧਾ ਕਰਨ ਵਾਲੀਆਂ ਪੁਸਤਕਾਂ:

1. ਪੁਆਧ ਦਰਪਣ – ਸੰਪਾਦਕ: ਮਨਮੋਹਨ ਸਿੰਘ ਦਾਊਂ
2. ਮੇਰਾ ਪੁਆਧ – ਡਾ. ਐਸ.ਐਸ. ਕਿਸ਼ਨਪੁਰੀ (ਸੰਪਾਦਕ: ਮਨਮੋਹਨ ਸਿੰਘ ਦਾਊਂ)
3. ਆਦਿ ਜੁਗਾਦਿ ਪੁਆਧ – ਸੰਪਾਦਕ: ਮਨਮੋਹਨ ਸਿੰਘ ਦਾਊਂ
4. ਸਭਿਆਚਾਰਕ ਮੁਹਾਂਦਰੇ (ਇਨਾਮ ਜੇਤੂ) – ਮਨਮੋਹਨ ਸਿੰਘ ਦਾਊਂ
5. ਕਾਰੇ ਹੱਥੀ (ਨਾਵਲ) – ਸੋਹਨ ਸਿੰਘ ਹੰਸ
6. ਬੰਤੋ (ਨਾਵਲ) – ਸੋਹਨ ਸਿੰਘ ਹੰਸ
7. ਔੜ ਦੇ ਬੀਜ (ਨਾਵਲ) – ਜਸਬੀਰ ਮੰਡ
8. ਆਖ਼ਰੀ ਪਿੰਡ ਦੀ ਕਥਾ (ਨਾਵਲ) – ਜਸਬੀਰ ਮੰਡ
9. ਸੰਘਰਸ਼ (ਨਾਵਲ) – ਡਾ. ਐਸ.ਐਸ. ਕਿਸ਼ਨਪੁਰੀ
10. ਮੰਜ਼ਲ (ਨਾਵਲ) – ਡਾ. ਐਸ.ਐਸ. ਕਿਸ਼ਨਪੁਰੀ
11. ਪੁਆਧੀ ਲੋਕਗੀਤ – ਡਾ. ਮੁਖਤਿਆਰ ਸਿੰਘ
12. ਅੱਥ ਸੀਤਾ ਸਵੰਬਰ – ਪੰਜਾਬੀ ਸੱਥ ਲਾਂਬੜਾ-ਜਲੰਧਰ (ਕਿੱਸਾ ਭਗਤ ਆਸਾ ਰਾਮ)
13. ਕੰਨੇੜੀ ਚੜ੍ਹੇ ਵਰ੍ਹੇ – ਰਾਜਿੰਦਰ ਕੌਰ
14. ਭਗਤ ਆਸਾ ਰਾਮ ਬੈਦਵਾਣ – ਕੇਸਰ ਸਿੰਘ ਸੁਹਾਣਾ
15. ਮੇਰੀਆਂ ਪੈੜਾਂ ਮੇਰਾ ਸਫ਼ਰ – ਇੰਜ. ਗੁਰਨਾਮ ਸਿੰਘ ਡੇਰਾਬਸੀ
16. ਪੁਆਧੀ ਸੱਭਿਅਤਾ ਦੀ ਪੇਂਡੂ ਵਿਰਾਸਤ – ਗੁਰਦਾਸ ਸਿੰਘ ਨਿਰਮਾਣ
17. ਬਾਲ ਝਰੋਖਾ (ਇਨਾਮ ਜੇਤੂ) – ਮਨਮੋਹਨ ਸਿੰਘ ਦਾਊਂ
18. ਜ਼ਿੰਦਗੀ ਦਾ ਸੱਚ – ਮਨਮੋਹਨ ਸਿੰਘ ਦਾਊਂ
19. ਪੁਆਧੀ ਭਾਸ਼ਾ ਕੋਸ਼ – ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
20. ਖਾਜ (ਨਾਵਲ) – ਜਸਬੀਰ ਮੰਡ
21. ਕਥਾ ਪੁਰਾਤਨ ਪੁਆਧ ਕੀ – ਗਿ. ਧਰਮ ਸਿੰਘ ਭੰਖਰਪੁਰ
22. ਪੁਆਧ ਕੇ ਘਰਾਟਾਂ ਕਾ ਆਟਾ – ਭੁਪਿੰਦਰ ਸਿੰਘ ਮਟੌਰਵਾਲਾ
23. ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ (ਇਨਾਮ ਜੇਤੂ) – ਮਨਮੋਹਨ ਸਿੰਘ ਦਾਊਂ
24. ਧਰਤ ਪੁਆਧ (ਇਨਾਮ ਜੇਤੂ) – ਸੰਪਾਦਕ: ਮਨਮੋਹਨ ਸਿੰਘ ਦਾਊਂ
25. ਪੁਆਧ ਦੀ ਮਿੱਟੀ ਦਾ ਕ੍ਰਿਸ਼ਮਾ – ਦਲਜੀਤ ਕੌਰ ਦਾਊਂ
26. ਗਿਆਨੀ ਦਿੱਤ ਸਿੰਘ ਦੀ ਚੋਣਵੀਂ ਰਚਨਾਵਲੀ – ਡਾ. ਕਰਨੈਲ ਸਿੰਘ ਸੋਮਲ, ਪੰਜਾਬੀ ਯੂਨੀਵਰਸਿਟੀ-ਪਟਿਆਲਾ ਪ੍ਰਕਾਸ਼ਨ
27. ਭਾਈ ਰਣਧੀਰ ਸਿੰਘ ਡੂਮਛੇੜੀ – ਡਾ. ਕਰਨੈਲ ਸਿੰਘ ਸੋਮਲ
28. ਰੱਬੀ ਪ੍ਰੀਤ ਦਾ ਪਿਆਲਾ (ਬੈਂਤ ਸੰਗ੍ਰਹਿ) – ਰੱਬੀ ਬੈਰੋਂਪੁਰੀ ਟਿਵਾਣਾ
29. ਆਖਰੀ ਬਾਬੇ (ਨਾਵਲ) – ਜਸਬੀਰ ਮੰਡ
30. ਪੁਆਧੀ ਭਾਸ਼ਾ ਦੀ ਵਿਆਕਰਨ – ਡਾ. ਹਰਪ੍ਰੀਤ ਕੌਰ
31. ਪੁਆਧ ਦੇ ਜੰਮੇ-ਜਾਏ - ਮਨਮੋਹਨ ਸਿੰਘ ਦਾਊਂ (N.B.T. Delhi) ਪ੍ਰਕਾਸ਼ਨਾ
32. ਪੁਆਧ ਕੀਆਂ ਝਲਕਾਂ - ਸੰਪਾਦਕ : ਮਨਮੋਹਨ ਸਿੰਘ ਦਾਊਂ
33. ਪੁਆਧ ਤੇ ਪੁਆਧ ਦੇ ਲੇਖਕਾਂ 'ਤੇ ਖੋਜਕਾਰਜ : ਸੰਦਰਭ ਕੋਸ਼ - ਮਨਮੋਹਨ ਸਿੰਘ ਦਾਊਂ
34. ਪੰਜਾਬ ਦਾ ਗੌਰਵ ਪੁਆਧ - ਸੰਪਾਦਕ : ਮਨਮੋਹਨ ਸਿੰਘ ਦਾਊਂ
35. ਮੋਈ ਮਾਂ ਦਾ ਦੁੱਧ (ਕਹਾਣੀ ਸੰਗ੍ਰਹਿ) - ਮਨਮੋਹਨ ਸਿੰਘ ਦਾਊਂ

ਪੁਆਧੀ ਪੰਜਾਬੀ ਸੱਥ ਮੁਹਾਲੀ ਦੇ
ਸਾਲਾਨਾ ਸਨਮਾਨ ਸਮਾਗਮ ਲਈ ਸ਼ੁਭ ਇੱਛਾਵਾਂ !

ਵੱਲੋਂ : ਡਾ. ਜਸਪਾਲ ਸਿੰਘ ਜੱਸੀ
ਪ੍ਰਧਾਨ, ਪੰਜਾਬੀ ਸਾਹਿਤ ਸਭਾ, ਖਰੜ

---

ਪੁਆਧੀ ਪੰਜਾਬੀ ਸੱਥ ਮੁਹਾਲੀ ਦੇ
ਸਾਲਾਨਾ ਸਨਮਾਨ ਸਮਾਗਮ ਲਈ ਸ਼ੁਭ ਇੱਛਾਵਾਂ !

ਵੱਲੋਂ : ਇੰਜ. ਜਸਪਾਲ ਸਿੰਘ ਦੇਸੂਵੀ
ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ.) ਮੁਹਾਲੀ


**S.K.**
Crockery & Bartan Store
**Deals in : Milton, Nayasa, Cello, Joyo & Plastic Goods**
**Mob. : 94173-76665, 94171-86985**
**Shop No. 147, 48, 49, Phase4 Market, Mohali (Pb.)**

**OLD FRIDGE & AC**
**SALE PURCHASE & REPAIRS**
**Mob. : 94173-76665, 94171-86985**
**Shop No. 159-160, Phase-4 Market, Mohali**

Qualified Opticians : *R.S. Chugh* *K.P.S. Chugh*

Bausch & Lomb Silk lens

AOC OPTICIAN ESTD. 1969

# AKAL



OPTICAL CLINIC : Booth No 314, Phase-5, Mohali (M) 62841 96133

FOR ALL TYPE OF OPTICAL SERVICE

Computerised Sight Testing & Contact Lenses

---



Raymond SINCE 1925

# KOHINOOR SELECTIONS

S.C.O. 39-40, Sector 17-C, Chandigarh

Mob.: 94172-24545, 94176-56095

# KOHINOOR *Tailors*

S.C.O. 45-46, 1st Floor, Sector 17-C, Chandigarh

Ph. : 0172-2704545

---

ਪੁਆਧੀ ਪੰਜਾਬੀ ਸੱਥ (ਮੁਹਾਲੀ) ਦੇ ਸਾਲਾਨਾ ਸਨਮਾਨ ਸਮਾਗਮ

ਲਈ ਸਾਡੀਆਂ ਸ਼ੁਭ-ਇੱਛਾਵਾਂ !

Rattan Lal Mittal
Manoj Mittal

asianpaints

Mob.: 9888609965
9041651506

# LUXMI PAINTS & H/W STORE

Shop No. 2, Phase-1, SAS Nagar, Mohali

ਪੁਆਧੀ ਪੰਜਾਬੀ ਸੱਥ (ਮੁਹਾਲੀ) ਦੇ ਸਾਲਾਨਾ ਸਨਮਾਨ ਸਮਾਗਮ
ਲਈ ਸਾਡੀਆਂ ਸ਼ੁਭ-ਇੱਛਾਵਾਂ !

*Surinder Singh Bassi*
**M.D.**
99150-00094

*Malkit Singh Khatra*
**Director**
99152-00035

**Sunrise Resident Colony**

# SUNRISE

## BUILDERS & COLONISERS

Sunrise Resident Colony
(Approved by Punjab Govt.)



**Mansoorpur Road, Khamano (Fatehgarh Sahib) Pb.**
**Phone : 01628-656494 (O)**